World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਖੇਤੀਬਾੜੀ ਕਾਨੂੰਨਾਂ ਵਿਰੁੱਧ ਮਾਨਸੂਨ ਸੈਸ਼ਨ ਦੌਰਾਨ ਸੰਸਦ ਤੱਕ ਪੈਦਲ ਮਾਰਚ ਕਰਨ ਦੀ ਤਿਆਰੀ 'ਚ ਕਿਸਾਨ !



**ਨਵੀਂ ਦਿੱਲੀ।** ਕੇਂਦਰ ਸਰਕਾਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਵਿਰੁੱਧ ਚੱਲ ਰਿਹਾ ਕਿਸਾਨ ਅੰਦੋਲਨ ਪਿਛਲੇ 7 ਮਹੀਨਿਆਂ ਤੋਂ ਲਗਾਤਾਰ ਜਾਰੀ ਹੈ। ਕਿਸਾਨ ਲਗਾਤਾਰ ਮੋਦੀ ਸਰਕਾਰ ਵੱਲੋ ਪਾਸ ਕੀਤੇ ਗਏ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ।ਇਸ ਵਿਚਕਾਰ ਹੁਣ ਕੋਰੋਨਾ ਦੀ ਦੂਜੀ ਲਹਿਰ ਦੌਰਾਨ ਕੋਈ ਵੱਡਾ ਐਕਸ਼ਨ ਨਾ ਕਰਨ ਤੋਂ ਬਾਅਦ ਕਿਸਾਨਾਂ ਨੇ ਇੱਕ ਵਾਰ ਫਿਰ ਅੰਦੋਲਨ ਨੂੰ ਤੇਜ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਕਿਸਾਨ ਹੁਣ ਮਾਨਸੂਨ ਸੈਸ਼ਨ ਦੌਰਾਨ ਦਿੱਲੀ ਕੂਚ ਦੀ ਤਿਆਰੀ ਕਰ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਦੀ ਅੱਜ ਦੀ ਬੈਠਕ ਵਿੱਚ ਯਾਨੀ ਸ਼ੁੱਕਰਵਾਰ ਨੂੰ ਕਿਸਾਨ ਦਿੱਲੀ ਦੇ ਮਾਰਚ ਬਾਰੇ ਫੈਸਲਾ ਲੈ ਸਕਦੇ ਹਨ। ਕਿਸਾਨ ਦਿੱਲੀ ਅਤੇ ਸੰਸਦ ਤੱਕ ਪੈਦਲ ਮਾਰਚ ਦਾ ਐਲਾਨ ਕਰ ਸਕਦੇ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਮੁਖੀ ਬੂਟਾ ਸਿੰਘ ਨੇ ਇਸ ਦਾ ਸੰਕੇਤ ਦਿੱਤਾ ਹੈ। 6 ਜੁਲਾਈ ਨੂੰ ਕਿਸਾਨ ਇੱਕ ਜੱਥਾ ਲੈ ਕੇ ਪੰਜਾਬ ਵਿੱਚ ਮੋਤੀ ਮਹਿਲ ਦਾ ਘਿਰਾਓ ਵੀ ਕਰਨਗੇ। ਦਰਅਸਲ, ਪੰਜਾਬ ਵਿੱਚ ਕਿਸਾਨਾਂ ਨੂੰ ਬਿਜਲੀ ਸਪਲਾਈ ਘਟਾ ਦਿੱਤੀ ਗਈ ਹੈ, ਜਿਸ ਕਾਰਨ ਕਿਸਾਨ ਨਾਰਾਜ਼ ਹਨ। ਪਹਿਲਾਂ ਕਿਸਾਨਾਂ ਨੂੰ 8 ਘੰਟੇ ਬਿਜਲੀ ਦਿੱਤੀ ਜਾ ਰਹੀ ਹੈ, ਜਦਕਿ ਹੁਣ ਸਿਰਫ 4 ਘੰਟੇ ਬਿਜਲੀ ਦਿੱਤੀ ਜਾ ਰਹੀ ਹੈ, ਜਿਸ ਕਾਰਨ ਕਿਸਾਨਾਂ ਵਿੱਚ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ। ਬੂਟਾ ਸਿੰਘ ਨੇ ਕਿਹਾ ਹੈ ਕਿ ਕਿਸਾਨ ਮਾਨਸੂਨ ਸੈਸ਼ਨ ਵਿੱਚ ਵਿਰੋਧੀ ਪਾਰਟੀਆਂ 'ਤੇ ਨਜ਼ਰ ਰੱਖਣਗੇ। ਮਾਨਸੂਨ ਸੈਸ਼ਨ 'ਚ ਜਿਹੜੀ ਪਾਰਟੀ ਕਿਸਾਨਾਂ ਦਾ ਸਮਰਥਨ ਨਹੀਂ ਕਰੇਗੀ, ਉਸ ਦਾ ਕਿਸਾਨ ਵਿਰੋਧ ਕਰਨਗੇ। ਬੂਟਾ ਸਿੰਘ ਨੇ ਖੇਤੀਬਾੜੀ ਕਾਨੂੰਨਾਂ ਦੇ ਸਮਰਥਨ ਵਿੱਚ ਐਨਸੀਪੀ ਮੁਖੀ ਸ਼ਰਦ ਪਵਾਰ ਦੇ ਬਿਆਨ 'ਤੇ ਵੀ ਪ੍ਰਤੀਕਿਰਿਆ ਦਿੱਤੀ ਹੈ। ਦਰਅਸਲ, ਸ਼ਰਦ ਪਵਾਰ ਨੇ ਕਿਹਾ ਸੀ ਕਿ ਵਿਵਾਦਤ ਖੇਤੀਬਾੜੀ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਨ ਦੀ ਬਜਾਏ ਇਸ ਦੇ ਉਸ ਹਿੱਸੇ ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਕਿਸਾਨਾਂ ਨੂੰ ਮੁਸੀਬਤਾਂ ਪੇਸ਼ ਆ ਸਕਦੀਆਂ ਹਨ। ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਦੇ ਬਿਆਨ 'ਤੇ ਬੂਟਾ ਸਿੰਘ ਨੇ ਕਿਹਾ ਹੈ ਕਿ ਕਾਨੂੰਨ ਰੱਦ ਕਰਨ ਤੋਂ ਘੱਟ ਕੁੱਝ ਵੀ ਕਿਸਾਨਾਂ ਨੂੰ ਪ੍ਰਵਾਨ ਨਹੀਂ ਹੈ। ਜੇ ਤਿੰਨੋਂ ਕਾਨੂੰਨਾਂ ਨੂੰ ਰੱਦ ਨਾ ਕੀਤਾ ਗਿਆ ਤਾਂ ਭਾਜਪਾ ਦਾ ਸਫਾਇਆ ਹੋ ਸਕਦਾ ਹੈ। ਜੇ ਕੋਈ ਹੋਰ ਸਰਕਾਰ ਆਉਂਦੀ ਹੈ, ਤਾਂ ਵੀ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕੀਤਾ ਜਾਂਦਾ, ਤਾਂ ਵੀ ਕਿਸਾਨ ਹਿੱਲਣਗੇ ਨਹੀਂ।

## ਅਕਾਲੀ ਦਲ ਤੇ ਬਸਪਾ ਵੱਲੋਂ ਪਾਵਰਕੌਮ ਦਫ਼ਤਰਾਂ ਅੱਗੇ ਮੁਜ਼ਾਹਰੇ



**ਚੰਡੀਗੜ੍ਹ।** ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਦੇ ਬਿਜਲੀ ਸੰਕਟ ਖ਼ਿਲਾਫ਼ ਅੱਜ ਸੂਬੇ ਭਰ ਵਿਚ ਪਾਵਰਕੌਮ ਦਫ਼ਤਰਾਂ ਮੂਹਰੇ ਧਰਨੇ ਦਿੱਤੇ ਗਏ। ਇਸ ਦੌਰਾਨ ਕਿਸਾਨਾਂ, ਘਰੇਲੂ ਬਿਜਲੀ ਖ਼ਪਤਕਾਰਾਂ ਤੇ ਸਨਅਤੀ ਖੇਤਰ ਦੀਆਂ ਮੁਸ਼ਕਿਲਾਂ ਉਜਾਗਰ ਕੀਤੀਆਂ ਗਈਆਂ। ਇਸ ਮੌਕੇ ਦੋਸ਼ ਲਗਾਇਆ ਗਿਆ ਕਿ ਜਾਣ-ਬੁੱਝ ਕੇ ਅੱਠ ਘੰਟੇ ਬਿਜਲੀ ਨਾ ਦਿੱਤੇ ਜਾਣ ਕਾਰਨ ਕਿਸਾਨ, ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਬਿਜਲੀ ਦੇ ਅਣਐਲਾਨੇ ਲੰਬੇ ਕੱਟਾਂ ਕਾਰਨ ਆਮ ਖ਼ਪਤਕਾਰ ਅਤੇ ਹਫ਼ਤੇ ਵਿੱਚ ਦੋ ਦਿਨ ਇੰਡਸਟਰੀ ਬੰਦ ਰੱਖਣ ਦੇ ਹੁਕਮਾਂ ਤੋਂ ਸਨਅਤਕਾਰ ਪ੍ਰੇਸ਼ਾਨ ਹਨ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਕਿ ਕਾਂਗਰਸ ਸਰਕਾਰ ਝੋਨਾ ਉਤਪਾਦਕ ਕਿਸਾਨ ਜੋ ਡੀਜ਼ਲ ਫੂਕ ਕੇ ਜੈਨਰੇਟਰਾਂ ਦੀ ਵਰਤੋਂ ਕਰ ਕੇ ਝੋਨਾ ਪਾਲਣ ਲਈ ਮਜਬੂਰ ਹਨ, ਲਈ ਵਿੱਤੀ ਰਾਹਤ ਪੈਕੇਜ ਦਾ ਐਲਾਨ ਕਰੇ ਅਤੇ ਡੀਜ਼ਲ 'ਤੇ ਵੈਟ ਵੀ ਘਟਾਇਆ ਜਾਵੇ। ਪਾਰਟੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਿਸਾਨਾਂ ਦੇ ਨਾਲ ਘਰੇਲੂ ਖ਼ਪਤਕਾਰਾਂ ਤੇ ਇੰਡਸਟਰੀ ਲਈ ਲੋੜੀਂਦੀ ਬਿਜਲੀ ਸਪਲਾਈ ਬਹਾਲ ਕਰਨ ਸਮੇਤ ਹੋਰ ਕਦਮ ਨਾ ਉਠਾਏ ਗਏ ਤਾਂ ਸੰਘਰਸ਼ ਦੇ ਅਗਲੇ ਪੜਾਅ ਤਹਿਤ ਮੁੱਖ ਮੰਤਰੀ ਤੇ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲੰਬੀ, ਫਾਜ਼ਿਲਕਾ ਤੇ ਘੁਬਾਇਆ ਵਿੱਚ ਰੋਸ ਧਰਨਿਆਂ 'ਚ ਸ਼ਾਮਲ ਹੋਏ ਜਿੱਥੇ ਉਨ੍ਹਾਂ ਲੋਕਾਂ ਦੀ ਇਸ ਦੁਰਦਸ਼ਾ ਲਈ ਸਿੱਧੇ ਤੌਰ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਬਿਜਲੀ ਸਬੰਧੀ ਹਾਲਾਤ ਦਾ ਜਾਇਜ਼ਾ ਲੈਣ ਅਤੇ ਝੋਨੇ ਦੇ ਸੀਜ਼ਨ ਲਈ ਕਿਸਾਨਾਂ ਨੂੰ ਢੁਕਵੀਂ ਬਿਜਲੀ ਸਪਲਾਈ ਯਕੀਨੀ ਬਣਾਉਣ ਵਾਸਤੇ ਇਕ ਵੀ ਸਮੀਖਿਆ ਮੀਟਿੰਗ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅਜਿਹਾ ਜਾਣ-ਬੁੱਝ ਕੇ ਕੀਤਾ ਗਿਆ ਹੈ ਤਾਂ ਜੋ ਸਬਸਿਡੀ ਬਿੱਲ ਘੱਟ ਰਹੇ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਕਿਸਾਨਾਂ ਨੂੰ ਮੁਫ਼ਤ ਬਿਜਲੀ ਨਹੀਂ ਦੇਣਾ ਚਾਹੁੰਦੀ, ਇਸੇ ਕਰ ਕੇ ਉਸ ਵੇਲੇ ਬਿਜਲੀ ਨਹੀਂ ਦਿੱਤੀ ਜਾਂਦੀ ਜਦੋਂ ਇਸ ਦੀ ਜ਼ਰੂਰਤ ਹੁੰਦੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਬਠਿੰਡਾ ਥਰਮਲ ਪਲਾਂਟ ਬੰਦ ਹੈ ਤੇ ਤਲਵੰਡੀ ਸਾਬੋ ਦਾ ਵੀ ਇਕ ਯੂਨਿਟ ਬੰਦ ਪਿਆ ਹੈ।

## ਸੰਘਰਸ਼ੀ ਅਖਾੜੇ: ਕੈਪਟਨ ਸਰਕਾਰ ਖ਼ਿਲਾਫ਼ ਬੁਲੰਦ ਹੋਈ ਆਵਾਜ਼



**ਚੰਡੀਗੜ੍ਹ।** ਪੰਜਾਬ ਵਿੱਚ ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਸੰਘਰਸ਼ੀ ਅਖਾੜਿਆਂ ਦੇ ਦਸਵੇਂ ਮਹੀਨੇ 'ਚ ਦਾਖ਼ਲ ਹੋਣ ਮਗਰੋਂ ਕਿਸਾਨਾਂ ਨੇ ਬਿਜਲੀ ਸੰਕਟ ਦੇ ਮੁੱਦੇ 'ਤੇ ਸੂਬਾ ਸਰਕਾਰ ਨੂੰ ਘੇਰਨਾ ਵੀ ਸ਼ੁਰੂ ਕਰ ਦਿੱਤਾ ਹੈ। ਸੰਯੁਕਤ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ 32 ਕਿਸਾਨ ਜਥੇਬੰਦੀਆਂ ਨੇ ਸੂਬੇ ਵਿੱਚ ਡੂੰਘੇ ਹੋ ਰਹੇ ਬਿਜਲੀ ਸੰਕਟ ਨੂੰ ਗੰਭੀਰਤਾ ਨਾਲ ਵਿਚਾਰਦਿਆਂ ਸਰਬਸੰਮਤੀ ਨਾਲ ਫ਼ੈਸਲਾ ਕਰਕੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ 5 ਜੁਲਾਈ ਤੱਕ ਖੇਤੀਬਾੜੀ ਨੂੰ ਘੱਟੋ-ਘੱਟ 8 ਘੰਟੇ ਅਤੇ ਘਰੇਲੂ ਖੇਤਰ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ, ਨਹੀਂ ਤਾਂ 6 ਜੁਲਾਈ ਨੂੰ ਪੰਜਾਬ ਭਰ ਤੋਂ ਭਾਰੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਅਤੇ ਆਮ ਲੋਕ ਮੁੱਖ ਮੰਤਰੀ ਪੰਜਾਬ ਦੀ ਪਟਿਆਲਾ ਸਥਿਤ ਰਿਹਾਇਸ਼ ਨਿਊ ਮੋਤੀ ਬਾਗ ਪੈਲੇਸ ਸਾਹਮਣੇ ਧਰਨਾ ਪ੍ਰਦਰਸ਼ਨ ਕਰਨਗੇ। ਕਿਸਾਨ ਆਗੂਆਂ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਵਿੱਚ ਸਰਕਾਰ ਦੇ ਐਲਾਨ ਅਨੁਸਾਰ 8 ਘੰਟੇ ਬਿਜਲੀ ਸਪਲਾਈ ਦੀ ਥਾਂ ਟੁੱਟਵੀਂ 3 ਜਾਂ 4 ਘੰਟੇ ਸਪਲਾਈ ਆਉਂਦੀ ਹੈ, ਜਿਸ ਕਰਕੇ ਝੋਨੇ ਦੀ ਲਵਾਈ 'ਤੇ ਮਾੜਾ ਅਸਰ ਪੈ ਰਿਹਾ ਹੈ। ਇਸੇ ਤਰ੍ਹਾਂ ਸਮੇਂ ਸਿਰ ਨਹਿਰੀ ਪਾਣੀ ਨਹੀਂ ਛੱਡਿਆ ਜਾ ਰਿਹਾ ਅਤੇ ਬਹੁਤੀ ਥਾਈਂ ਪਾਣੀ ਟੇਲਾਂ ਤੱਕ ਵੀ ਨਹੀਂ ਪਹੁੰਚ ਰਿਹਾ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਤੀ ਕਾਨੂੰਨਾਂ ਨੂੰ ਅਸਿੱਧੇ ਢੰਗ ਨਾਲ ਲਾਗੂ ਕਰਦਿਆਂ ਬਿਜਲੀ ਅਤੇ ਪਾਣੀ ਦਾ ਸੰਕਟ ਖੜ੍ਹਾ ਕੀਤਾ ਜਾ ਰਿਹਾ ਹੈ ਤਾਂ ਜੋ ਕਿਸਾਨ ਦੁਖੀ ਹੋ ਕੇ ਝੋਨੇ ਅਤੇ ਕਣਕ ਦੀ ਕਾਸ਼ਤ ਨੂੰ ਛੱਡ ਦੇਣ। ਉਨ੍ਹਾਂ ਕਿਹਾ ਕਿ ਸਰਕਾਰੀ ਬਿਜਲੀ ਪਲਾਂਟ ਬਠਿੰਡਾ ਪਹਿਲਾਂ ਹੀ ਬੰਦ ਕੀਤਾ ਜਾ ਚੁੱਕਾ ਹੈ, ਲਹਿਰਾ ਮੁਹੱਬਤ ਅਤੇ ਰੋਪੜ ਆਪਣੀ ਸਮਰੱਥਾ ਤੋਂ ਜਾਣ ਬੁੱਝ ਕੇ ਘੱਟ ਚਲਾਏ ਜਾ ਰਹੇ ਹਨ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਪੌਣੀ ਸਦੀ ਦੀ ਸਿਆਸੀ ਦਿਸ਼ਾ ਅਤੇ ਕਿਰਤੀ




ਭਾਰਤ ਦੀ ਆਜ਼ਾਦੀ ਦੀ ਪੌਣੀ ਸਦੀ ਲੰਘਣ ਮਗਰੋਂ ਵੀ ਮੁਲਕ ਵਿਚੋਂ ਨਵ-ਬਸਤੀਵਾਦੀ ਆਰਥਿਕ ਗੁਲਾਮੀ, ਜਗੀਰੂ ਰਾਜਾਸ਼ਾਹੀ ਅਤੇ ਪੂੰਜੀਵਾਦੀ ਵਰਤਾਰੇ 'ਵੰਡੋ ਅਤੇ ਰਾਜ ਕਰੋ' ਦਾ ਖਾਤਮਾ ਨਹੀਂ ਹੋਇਆ। ਲੋਕਾਂ ਨੂੰ ਭਰਮਾਉਣ ਲਈ 'ਧਰਮਨਿਰਪਖ, ਸਮਾਜਵਾਦੀ, ਲੋਕਤੰਤਰ ਤੇ ਭਾਈਚਾਰਕ ਬਰਾਬਰੀ' ਵਾਲੀ ਸ਼ਾਸਨ ਪ੍ਰਣਾਲੀ ਲਾਗੂ ਹੈ ਪਰ ਅਮਲ ਵਿਚ ਕਹਾਣੀ ਕੁਝ ਹੋਰ ਹੈ। ਅੱਜ ਕਾਰਪੋਰੇਟ ਘਰਾਣਿਆਂ ਦੇ 1% ਲੋਕਾਂ ਨੇ ਮੁਲਕ ਦੀ 54% ਜਾਇਦਾਦ ਉਤੇ ਕਬਜ਼ਾ ਕੀਤਾ ਹੋਇਆ ਹੈ ਅਤੇ 99% ਵਸੋਂ ਕੇਵਲ 46% ਪੂੰਜੀ ਉੱਤੇ ਗੁਜ਼ਾਰੇ ਲਈ ਮਜਬੂਰ ਹੈ। ਇਸ ਵਿਚੋਂ ਵੀ ਅੱਧ ਨਾਲੋਂ ਵੱਧ ਆਬਾਦੀ ਭੁਖਮਰੀ ਦਾ ਸ਼ਿਕਾਰ ਅਤੇ ਗਰੀਬੀ ਰੇਖਾ ਤੋਂ ਹੇਠਾਂ ਹੈ।


ਮੌਜੂਦਾ ਰਾਜਸੀ, ਆਰਥਿਕ, ਸਮਾਜਿਕ ਤੇ ਸਭਿਆਚਾਰਕ ਵਰਤਾਰੇ ਦਾ ਆਰੰਭ ਕਾਂਗਰਸ ਦੇ ਸੱਤਾ ਸੰਭਾਲਣ ਦੇ ਨਾਲ ਹੀ ਆਰੰਭ ਹੋ ਗਿਆ ਸੀ ਜਦੋਂ ਪਹਿਲੇ ਪ੍ਰਧਾਨ ਮੰਤਰੀ ਨੇ ਕਿਰਤੀ ਵਿਰੋਧੀ ਜਗੀਰੂ ਸੱਤਾਵਾਦੀ ਧਿਰਾਂ ਸਾਹਮਣੇ ਗੋਡੇ ਟੇਕ ਦਿੱਤੇ ਸਨ। ਉਨ੍ਹਾਂ ਸੰਵਿਧਾਨ ਦੀ ਪ੍ਰਸਤਾਵਨਾ 'ਚ ਭਾਰਤੀ ਲੋਕਤੰਤਰ ਦੇ ਖਾਸੇ 'ਚ ਕਿਰਤੀਆਂ ਦੇ ਹਿਤੈਸ਼ੀ 'ਸਮਾਜਵਾਦੀ ਲੋਕਤੰਤਰ' ਦੀ ਥਾਂ ਕੇਵਲ 'ਧਰਮਨਿਰਪਖ, ਲੋਕਤੰਤਰ ਤੇ ਬਰਾਬਰੀ' ਵਾਲੇ ਲੋਕਤੰਤਰ ਦੇ ਸਿਧਾਂਤਾਂ ਨੂੰ ਹੀ ਪਾਸ ਕਰਵਾਇਆ। ਇਸ ਨਾਲ ਕਾਂਗਰਸ ਦਾ ਵੋਟ ਬੈਂਕ ਤਾਂ ਚਿਰ ਸਥਾਈ ਰਿਹਾ ਪਰ 'ਸਮਾਜਵਾਦੀ ਲੋਕਤੰਤਰ' ਦੀ ਘਾਟ ਕਾਰਨ ਕਿਰਤੀ ਵਰਗ ਨੂੰ ਬੁਨਿਆਦੀ ਹੱਕ ਵੀ ਨਹੀਂ ਮਿਲੇ। ਇਨ੍ਹਾਂ ਵਰਗਾਂ ਨੂੰ ਅੱਜ ਤੱਕ ਉਤਪਾਦਨ ਪ੍ਰਕਿਰਿਆ 'ਚ ਖਰਚ ਕੀਤੀ ਆਪਣੀ 'ਪੈਦਾਵਾਰੀ ਸ਼ਕਤੀ', ਅਰਥਾਤ 'ਕਿਰਤ' ਦੇ ਹੱਕ ਤੋਂ ਵਾਂਝੇ ਰੱਖਿਆ ਹੋਇਆ ਹੈ। ਇਸ ਮਗਰੋਂ ਕੇਂਦਰੀ ਸੱਤਾ ਵਿਚ ਰਹੀਆਂ ਵੱਖ ਵੱਖ ਸਿਆਸੀ ਪਾਰਟੀਆਂ- ਜਨਤਾ ਪਾਰਟੀ, ਜਨਤਾ ਦਲ, ਭਾਜਪਾ ਦੀ ਅਗਵਾਈ ਵਾਲਾ ਐੱਨਡੀਏ ਅਤੇ ਕਾਂਗਰਸ ਦੀ ਅਗਵਾਈ ਵਾਲਾ ਯੂਪੀਏ ਗੱਠਜੋੜ, ਸਭ ਤਿੰਨ ਦਹਾਕਿਆਂ ਤੋਂ ਇਹੀ ਖੇਡ ਖੇਡ ਰਹੀਆਂ ਹਨ। ਇਹ ਆਪੋ-ਆਪਣੇ ਵੋਟ ਬੈਂਕ ਵਾਲੇ ਅੰਕੜਿਆਂ ਨੂੰ ਹੋਰ ਵਿਸਤਾਰ ਦੇਣ ਲਈ ਭਾਂਤ ਭਾਂਤ ਦੇ ਹਥਕੰਡਿਆਂ ਅਤੇ ਲਾਰੇ-ਲੱਪਿਆਂ ਰਾਹੀਂ ਸੱਤਾ ਹਥਿਆਉਂਦੀਆਂ ਰਹੀਆਂ ਹਨ। ਇਹ ਸਾਰੀਆਂ ਸਿਆਸੀ ਪਾਰਟੀਆਂ ਸੰਵਿਧਾਨਕ ਸਮਾਜਵਾਦ ਦੀ ਥਾਂ ਪੂੰਜੀਵਾਦੀ ਲੋਕਤੰਤਰ ਲਾਗੂ ਕਰਦੀਆਂ ਰਹੀਆਂ ਹਨ।

ਅਪਰੈਲ 1991 ਤੋਂ ਤਾਂ ਇਹ ਕੂਟਨੀਤੀ ਸਾਰੀਆਂ ਹੱਦਾਂ ਲੰਘ ਗਈ ਹੈ। ਨਵ-ਪੂੰਜੀਵਾਦੀ ਸਾਮਰਾਜੀ ਮੁਲਕਾਂ ਦੀਆਂ ਸਰਕਾਰਾਂ ਦੇ ਸੰਸਾਰੀਕਰਨ ਤੇ ਨਿਜੀਕਰਨ ਦੇ ਨਵ-ਬਸਤੀਵਾਦੀ ਹਥਿਆਰ ਨੇ ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਦੀਆਂ ਪੂੰਜੀਵਾਦੀ ਲੋਕਤੰਤਰੀ ਸਰਕਾਰਾਂ ਦੇ ਹੱਥ ਹੋਰ ਮਜ਼ਬੂਤ ਕਰ ਦਿੱਤੇ। ਤੱਤਕਾਲੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਅਤੇ ਵਿੱਤ ਮੰਤਰੀ ਮਨਮੋਹਨ ਸਿੰਘ ਦੀ ਜੋੜੀ ਦੇ ਸ਼ਾਸਨ ਕਾਲ ਸਮੇਂ ਨਵ-ਬਸਤੀਵਾਦੀ ਆਰਥਿਕ ਨੀਤੀਆਂ ਲਾਗੂ ਹੋਣ ਨਾਲ ਸਾਰੀਆਂ ਸੱਤਾਵਾਦੀ ਰਾਜਸੀ ਧਿਰਾਂ ਦੀਆਂ ਪੌ-ਬਾਰਾਂ ਹੋ ਗਈਆਂ। ਅਗਾਂਹ ਇਸ ਨਾਲੋਂ ਵੀ ਵੱਡਾ ਦੁਖਾਂਤ ਉਦੋਂ ਵਾਪਰਿਆ ਜਦੋਂ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਨੇ ਬਹੁਮਤ ਪ੍ਰਾਪਤ ਕਰ ਲਿਆ। 'ਵਿਕਾਸ ਦੇ ਗੁਜਰਾਤ ਮਾਡਲ' ਅਤੇ 'ਕਾਂਗਰਸ ਹਟਾਓ-ਦੇਸ਼ ਬਚਾਓ' ਜਿਹੇ ਮਨ-ਲਭਾਊ ਨਾਅਰਿਆਂ ਨਾਲ ਭਾਜਪਾ ਨੇ ਸੱਤਾ ਹਥਿਆ ਲਈ। ਇਸ ਤਰ੍ਹਾਂ ਰਾਸ਼ਟਰੀ ਸਵੈਮਸੇਵਕ ਸੰਘ ਦੀ ਸਿਆਸੀ ਪ੍ਰਤੀਨਿਧ ਭਾਰਤੀ ਜਨਤਾ ਪਾਰਟੀ ਨੇ 2019 ਵਾਲੀਆਂ ਚੋਣਾਂ ਵੀ ਜਿੱਤ ਲਈਆਂ। ਇਸ ਤੋਂ ਬਾਅਦ ਤਾਂ 'ਲੋਕਤੰਤਰ' ਨੂੰ ਵੀ ਛਿੱਕੇ ਟੰਗ ਦਿੱਤਾ ਗਿਆ। ਇਤਿਹਾਸ ਗਵਾਹ ਹੈ ਕਿ ਇਸ ਵਿਚਾਰਧਾਰਾ ਦੇ ਬਾਨੀਆਂ ਵਿਨਾਇਕ ਦਮੋਦਰ ਸਾਵਰਕਰ ਅਤੇ ਐੱਮਐੱਸ ਗੋਲਵਾਲਕਰ ਨੇ ਅੰਗਰੇਜ਼ੀ ਰਾਜ ਸਮੇਂ ਹੀ ਰਾਸ਼ਟਰਵਾਦ ਨੂੰ ਧਰਮ ਨਾਲ ਜੋੜ ਦਿੱਤਾ ਸੀ। ਆਰਐੱਸਐੱਸ ਆਰੰਭ ਤੋਂ ਹੀ ਭਾਰਤੀ ਸਰਮਾਏਦਾਰੀ ਅਤੇ ਕੱਟੜਪੰਥੀ ਵਿਚਾਰਧਾਰਾ ਦੀ ਨੁਮਾਇੰਦਗੀ ਕਰ ਰਹੀ ਹੈ। ਇਨ੍ਹਾਂ ਲੋਕਾਂ ਨੇ ਮੁਸਲਿਮ ਲੀਗ ਦੇ ਮੁਕਾਬਲੇ ਹਿੰਦੂ ਮਹਾਂ ਸਭਾ ਖੜ੍ਹੀ ਕੀਤੀ। ਆਜ਼ਾਦੀ ਮਗਰੋਂ ਇਹ ਧਿਰ ਪਹਿਲਾਂ ਜਨਸੰਘ ਅਤੇ ਹੁਣ ਭਾਜਪਾ ਦੇ ਨਾਵਾਂ ਹੇਠ ਸਿਆਸੀ ਪਾਰਟੀਆਂ ਬਣਾ ਕੇ ਨਵ-ਬਸਤੀਵਾਦੀ ਅਤੇ ਦੇਸੀ ਸਰਮਾਏਦਾਰੀ ਦੀ ਸੇਵਾ ਕਰਨ ਵਿਚ ਜੁਟੀ ਹੋਈ ਹੈ।

ਆਜ਼ਾਦੀ ਦੇਣ ਸਮੇਂ ਅੰਗਰੇਜ਼ਾਂ ਨੇ ਆਪਣੇ ਪੂੰਜੀਵਾਦੀ ਮਨੋਰਥ ਅਤੇ ਹਿਤਾਂ ਦੀ ਪੂਰਤੀ ਲਈ ਮੁਲਕ ਦੀ ਸੱਤਾ ਦੀ ਵਾਗਡੋਰ ਕੇਂਦਰਵਾਦੀ ਸਿਆਸੀ ਧਿਰ ਕਾਂਗਰਸ ਪਾਰਟੀ ਨੂੰ ਸੌਂਪੀ। ਇਸੇ ਲਈ ਉਨ੍ਹਾਂ ਨੇ ਮੁੱਖ ਵਿਰੋਧੀ ਧਰਮਨਿਰਪਖ, ਦੇਸ਼ਭਗਤ ਅਤੇ ਕਿਰਤੀ ਪੱਖੀ ਖੱਬੀਆਂ ਧਿਰਾਂ ਨੂੰ ਸੱਤਾ ਤੋਂ ਦੂਰ ਰੱਖਣ ਲਈ ਅਤੇ ਮਗਰੋਂ ਤੱਕ ਇਥੇ ਆਪਣੇ ਗਵਰਨਰ ਜਨਰਲ ਨੂੰ ਮੁਲਕ ਦਾ ਮੁਖੀ ਥਾਪੀ ਰੱਖਿਆ। ਇਸ ਸਾਰੀ ਦਾਸਤਾਂ ਵਿਚ ਦੁਖ ਦੀ ਗੱਲ ਇਹ ਹੈ ਕਿ ਸਾਡੀ ਬਹੁਮਤ ਆਮ ਜਨਤਾ ਅੱਜ ਤਾਈਂ ਸੱਜੇ-ਪੱਖੀ ਅਤੇ ਕੇਂਦਰਵਾਦੀ ਸਿਆਸੀ ਪਾਰਟੀਆਂ ਦੇ ਵੋਟ ਬੈਂਕ ਬਣੀ ਰਹੀ ਹੈ ਅਤੇ ਇਨ੍ਹਾਂ ਦੇ ਫੋਕੇ ਨਾਅਰਿਆਂ ਵਿਚ ਫਸੀ ਹੋਈ ਹੈ। ਇੱਕ ਪਾਸੇ ਧਰਮ, ਜਾਤੀਵਾਦ, ਭਾਸ਼ਾ ਅਤੇ ਖੇਤਰਵਾਦ 'ਤੇ ਆਧਾਰਿਤ ਸਿਆਸਤ ਕਰਨ ਵਾਲੀਆਂ ਅਤੇ ਧਰਮ ਤੇ ਸਿਆਸਤ ਨੂੰ ਇੱਕ-ਮਿੱਕ ਕਰਨ ਵਾਲੀਆਂ ਪਾਰਟੀਆਂ ਹਨ; ਦੂਜੇ ਬੰਨੇ ਕਾਂਗਰਸ ਅਤੇ ਉਸ ਦੀਆਂ ਸਹਾਇਕ ਕੇਂਦਰਵਾਦੀ ਖੇਤਰੀ ਪਾਰਟੀਆਂ ਵੀ ਇਸੇ ਵੋਟ ਬੈਂਕ ਮੁਤਾਬਿਕ ਸਿਆਸਤ ਕਰਦੀਆਂ ਹਨ। ਭਾਰਤ ਦੀ ਸੱਤਾ 'ਚ ਲੋਕ ਪੱਖੀ ਖੱਬੀਆਂ, ਧਰਮਨਿਰਪਖ ਤੇ ਜਮੂਹਰੀ ਧਿਰਾਂ ਤੀਜੀ ਧਿਰ ਹੁੰਦੀਆਂ ਸਨ। ਇਨ੍ਹਾਂ ਦੀਆਂ ਸਿਆਸੀ ਪਾਰਟੀਆਂ ਨੇ ਇੱਕ ਤਾਂ ਫਿਰਕੂ, ਜਾਤੀਵਾਦੀ, ਸੱਜੀਆਂ ਤੇ ਅਖੌਤੀ ਧਰਮ ਨਿਰਪਖ ਜਮੂਹਰੀ, ਕੇਂਦਰਵਾਦੀ ਅਤੇ ਕਿਰਤ ਵਿਰੋਧੀ ਤੂਫਾਨ ਨੂੰ ਰੋਕਣਾ ਸੀ; ਦੂਜੇ ਸਾਮਰਾਜਵਾਦੀ ਬੇੜੀਆਂ ਤੋਂ ਮੁਕਤ ਕਰਵਾਉਣ ਲਈ ਜਾਨਾਂ, ਜਾਇਦਾਦਾਂ ਹੂਲਣ ਵਾਲੇ ਦੇਸ਼ਭਗਤਾਂ, ਆਜ਼ਾਦੀ ਘੁਲਾਟੀਆਂ ਦੀ ਵਿਰਾਸਤ ਸਾਂਭਣ ਅਤੇ ਕਿਰਤੀ ਵਰਗਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਨਿਭਾਉਣੀ ਸੀ ਪਰ ਵਾਪਰ ਇਸ ਤੋਂ ਬਿਲਕੁਲ ਉਲਟ ਰਿਹਾ ਹੈ। ਇਨ੍ਹਾਂ ਵਿਚੋਂ ਕੁਝ ਧਿਰਾਂ ਦੇ ਜ਼ਿੰਮੇਵਾਰ ਸਿਆਸੀ ਆਗੂ ਐੱਨਡੀਏ ਅਤੇ ਯੂਪੀਏ ਜਿਹੀਆਂ ਕੇਂਦਰਵਾਦੀ ਧਿਰਾਂ ਦੇ ਪਿਛਲਗ ਬਣ ਬੈਠੀਆਂ। ਉਹ ਆਪਣੀ ਸੱਤਾ ਪ੍ਰਾਪਤੀ ਲਈ ਅਸਲ ਲੋਕਰਾਜ ਕਾਇਮ ਕਰਨ ਵਾਲੀ 'ਜਮੂਹਰੀ ਕੇਂਦਰਵਾਦ' ਦੀ 'ਏਕੇ ਤੇ ਸੰਘਰਸ਼' ਵਾਲੀ ਯੁਧਨੀਤੀ ਛੱਡ ਬੈਠੇ। ਇਨ੍ਹਾਂ ਭਿਆਨਕ ਸਿਆਸੀ ਹਾਲਾਤ ਦੇ ਚੌਰਾਹੇ 'ਤੇ ਖੜ੍ਹੇ ਲੋਕਾਂ ਨੂੰ ਹੁਣ ਉਪਰੋਕਤ ਹਨੇਰਿਆਂ ਤੋਂ ਬਾਹਰ ਨਿਕਲਣ ਦਾ ਚੌਥਾ ਰਾਹ ਕਿਸਾਨਾਂ, ਮੁਲਾਜ਼ਮਾਂ, ਕਿਰਤੀ ਮਜ਼ਦੂਰ ਵਰਗਾਂ, ਬੇਰੁਜ਼ਗਾਰ ਨੌਜਵਾਨਾਂ, ਵਿਦਿਆਰਥੀਆਂ, ਦਲਿਤਾਂ, ਇਸਤਰੀਆਂ ਤੇ ਘਟ-ਗਿਣਤੀਆਂ ਦੇ ਸ਼ਾਹੀਨ ਬਾਗ ਅਤੇ ਮੁਲਕ ਦੇ ਕੋਨੇ ਕੋਨੇ ਵਿਚ ਲੜੇ ਗਏ ਕਿਰਤੀਆਂ ਦੇ ਸੰਘਰਸ਼ਾਂ ਨੇ ਦਿਖਾ ਦਿੱਤਾ ਹੈ। ਉਹ ਰਾਹ ਇਹੋ ਹੈ ਕਿ ਸਾਰੀਆਂ ਖੱਬੀਆਂ, ਧਰਮਨਿਰਪਖ ਅਤੇ ਜਮੂਹਰੀ ਧਿਰਾਂ ਨੂੰ ਉਪਰੋਕਤ ਚੌਧਰਵਾਦੀ ਸੋਚ ਦਾ ਰਾਹ ਤਿਆਗ ਕੇ 'ਯੁਧਨੀਤਕ ਏਕੇ ਅਤੇ ਸੰਘਰਸ਼' ਦੇ ਰਾਹਾਂ ਦੇ ਰਾਹੀ ਬਣਨਾ ਪਵੇਗਾ; ਤਾਂ ਹੀ ਅਸੀਂ ਆਪਣੇ ਵਡੇਰਿਆਂ ਦੇ ਰਾਹਾਂ ਦੇ ਰਾਹੀ ਬਣ ਸਕਾਂਗੇ।

**ਕੇ ਸੀ ਸ਼ਰਮਾ**
ਸੰਪਰਕ: 94647-40957

## ਜਲਦ ਵਿਆਹ ਕਰਵਾਉਣਾ ਚਾਹੁੰਦੀ ਹੈ ਨਿੱਕੀ ਤੰਬੋਲੀ



ਅਦਾਕਾਰਾ ਨਿੱਕੀ ਤੰਬੋਲੀ ਅੱਜਕਲ੍ਹ ਕਾਫੀ ਬਿਜ਼ੀ ਫਿਲਹਾਲ ਉਹ 'ਖ਼ਤਰੋਂ ਕੇ ਖਿਲਾੜੀ' ਸ਼ੂਟ ਕਰਨ ਤੋਂ ਬਾਅਦ ਕੇਪਟਾਊਨ ਤੋਂ ਮੁੰਬਈ ਵਾਪਸ ਆ ਗਈ ਹੈ। ਨਿੱਕੀ ਨੇ ਇਕ ਇੰਟਰਵਿਊ 'ਚ ਦੱਸਿਆ ਕਿ ਉਹ ਸਿੰਗਲ ਹੈ ਅਤੇ ਫਿਲਹਾਲ ਵਿਆਹ ਕਰਵਾਉਣ ਦੇ ਮੂਡ 'ਚ ਹੈ ਪਰ ਹੋਣ ਵਾਲੇ ਲਾਈਫਪਾਰਟਨਰ ਨੂੰ ਲੈ ਕੇ ਉਸਦੀਆਂ ਕੁਝ ਸ਼ਰਤਾਂ ਹਨ ਜੇਕਰ ਉਹ ਪੂਰੀਆਂ ਹੋ ਜਾਣ ਤਾਂ ਉਹ ਝਟ ਵਿਆਹ ਕਰ ਲਵੇਗੀ। ਹਾਲ ਹੀ 'ਚ ਦਿੱਤੀ ਇੰਟਰਵਿਊ 'ਚ ਨਿੱਕੀ ਨੇ ਕਿਹਾ 'ਮੈਂ ਕੈਜ਼ੂਅਲ ਰਿਲੇਸ਼ਨਸ਼ਿਪ ਦੇ ਮੂਡ 'ਚ ਨਹੀਂ ਹੈ। ਮੈਂ ਕਿਸੇ ਦੀ ਜ਼ਿੰਦਗੀ ਖ਼ਰਾਬ ਨਹੀਂ ਕਰਨੀ ਚਾਹੁੰਦੀ। ਮੈਂ ਬਹੁਤ ਓਪਨ ਹਾਂ ਕਿ ਮੇਰੇ ਕੋਲ ਸਮਾਂ ਨਹੀਂ ਹੈ। ਮੈਨੂੰ ਟਾਈਮਪਾਸ ਰਿਲੇਸ਼ਨਸ਼ਿਪ ਨਹੀਂ ਚਾਹੀਦੀ। ਜਦੋਂ ਮੇਰੇ ਕੋਲ ਮੇਰੇ ਲਈ ਟਾਈਮ ਨਹੀਂ ਹੈ ਤਾਂ ਮੈਂ ਕਿਸੇ ਹੋਰ ਨੂੰ ਆਪਣਾ ਝੂਠਾ ਟਾਈਮ ਕਿਉਂ ਦਵਾਂ।' ਨਿੱਕੀ ਤੋਂ ਜਦੋਂ ਸੀਰੀਅਸ ਰਿਲੇਸ਼ਨਸ਼ਿਪ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਜੇਕਰ ਮੈਨੂੰ ਚੰਗਾ ਲੜਕਾ ਮਿਲ ਜਾਂਦਾ ਹੈ ਤਾਂ ਮੈਂ ਵਿਆਹ ਵੀ ਕਰ ਲਵਾਂਗੀ। ਮੇਰੇ ਲਈ ਕਰੀਅਰ ਮਹੱਤਵਪੂਰਨ ਹੈ। ਨਿੱਕੀ ਨੇ ਅੱਗੇ ਕਿਹਾ ਕਿ ਉਹ ਇਸ ਸਮੇਂ ਕੰਮ 'ਤੇ ਫੋਕਸ ਕਰ ਰਹੀ ਹੈ। ਜੇਕਰ ਉਸ ਨੂੰ ਵਿਆਹ ਲਈ ਕੋਈ ਪ੍ਰਪੋਜ਼ ਕਰਦਾ ਹੈ ਅਤੇ ਉਹ ਇਨਸਾਨ ਉਸ ਨੂੰ ਪਸੰਦ ਆਉਂਦਾ ਹੈ ਤਾਂ ਉਹ ਉਸ ਨਾਲ ਵਿਆਹ ਕਰ ਲਵੇਗੀ।

## ਮਿਤਾਲੀ ਰਾਜ ਨੇ ਸਚਿਨ ਤੇਂਦੂਲਕਰ ਤੋਂ ਬਾਅਦ ਹਾਸਿਲ ਕੀਤਾ ਖਾਸ ਮੁਕਾਮ

ਵਿਸ਼ਵ ਦੀ ਮਸ਼ਹੂਰ ਮਹਿਲਾ ਕ੍ਰਿਕਟਰਾਂ ਵਿਚੋਂ ਇਕ ਮਿਤਾਲੀ ਰਾਜ ਨੇ ਆਪਣੇ ਅੰਤਰਰਾਸ਼ਟਰੀ ਕੈਰੀਅਰ ਵਿਚ 22 ਸਾਲ ਪੂਰੇ ਕੀਤੇ ਹਨ। ਉਹ ਮਹਾਨ ਸਚਿਨ ਤੇਂਦੂਲਕਰ ਤੋਂ ਬਾਅਦ ਇਹ ਵਿਸ਼ੇਸ਼ ਕਾਰਨਾਮਾ ਹਾਸਲ ਕਰਨ ਵਾਲੀ ਦੂਜੀ ਕ੍ਰਿਕਟਰ ਬਣ ਗਈ ਹੈ। ਸਚਿਨ ਦਾ ਕਰੀਅਰ 22 ਸਾਲ 91 ਦਿਨ ਦਾ ਸੀ।

ਮਸ਼ਹੂਰ ਮਹਿਲਾ ਕ੍ਰਿਕਟਰ ਮਿਤਾਲੀ ਰਾਜ ਨੇ ਅੰਤਰਰਾਸ਼ਟਰੀ ਕ੍ਰਿਕਟ ਕਰੀਅਰ ਵਿਚ 22 ਸਾਲਾਂ ਦਾ ਲੰਮਾ ਸਫ਼ਰ ਪੂਰਾ ਕੀਤਾ ਹੈ। ਉਹ ਮਹਾਨ ਸਚਿਨ ਤੇਂਦੂਲਕਰ ਤੋਂ ਬਾਅਦ ਇਹ ਮੁਕਾਮ ਹਾਸਲ ਕਰਨ ਵਾਲੀ ਦੂਜੀ ਕ੍ਰਿਕਟਰ ਬਣ ਗਈ ਹੈ। (ਇੰਸਟਾਗ੍ਰਾਮ)



ਰਾਜਸਥਾਨ ਵਿੱਚ ਜੰਮੀ ਮਿਤਾਲੀ ਨੇ ਭਾਰਤੀ ਮਹਿਲਾ ਕ੍ਰਿਕਟ ਨੂੰ ਨਵੀਂ ਸਿਖਰਾਂ ਉਤੇ ਪਹੁੰਚਾਇਆ ਹੈ। ਉਹ ਕਈ ਕ੍ਰਿਕਟਰਾਂ ਲਈ ਆਇ-ਡਲ ਹੈ। ਉਨ੍ਹਾਂ ਇਕ ਰੋਜ਼ਾ ਕੌਮਾਂਤਰੀ ਕਰੀਅਰ ਦੇ 22 ਸਾਲ ਪੂਰੇ ਕੀਤੇ ਹਨ। (ਇੰਸਟਾਗ੍ਰਾਮ)

ਮਿਤਾਲੀ ਨੇ ਆਪਣੇ ਅੰਤਰਰਾਸ਼ਟਰੀ ਕ੍ਰਿਕੇਟ ਦੀ ਸ਼ੁਰੂਆਤ 26 ਜੂਨ, 1999 ਨੂੰ ਕੀਤੀ, ਜਦੋਂ ਉਨ੍ਹਾਂ ਆਪਣਾ ਪਹਿਲਾ ਵਨਡੇ ਆਇਰਲੈਂਡ ਖਿਲਾਫ ਖੇਡਿਆ ਸੀ। ਅੱਜ ਉਨ੍ਹਾਂ ਨੇ ਇਕ ਰੋਜ਼ਾ ਕੌਮਾਂਤਰੀ ਕਰੀਅਰ ਵਿਚ 22 ਸਾਲ ਪੂਰੇ ਕੀਤੇ ਹਨ। ਮਹਾਨ ਬੱਲੇਬਾਜ਼ ਸਚਿਨ ਨੇ ਵੀ 22 ਸਾਲਾਂ ਦਾ ਲੰਮਾ ਸਫ਼ਰ ਪੂਰਾ ਕੀਤਾ ਸੀ, ਉਨ੍ਹਾਂ ਕਰੀਅਰ 22 ਸਾਲ 91 ਦਿਨ ਦਾ ਸੀ। (ਇੰਸਟਾਗ੍ਰਾਮ)

ਦੁਨੀਆ ਦੇ ਸਭ ਤੋਂ ਮਹਾਨ ਬੱਲੇਬਾਜ਼ਾਂ ਵਿਚੋਂ ਇਕ ਸਚਿਨ ਤੇਂਦੂਲਕਰ ਨੇ 18 ਦਸੰਬਰ, 1989 ਨੂੰ ਪਾਕਿਸਤਾਨ ਦੇ ਖ਼ਿਲਾਫ਼ ਆਪਣਾ ਅੰਤਰਰਾਸ਼ਟਰੀ ਡੈਬਿਊ ਕੀਤਾ ਸੀ ਅਤੇ ਆਪਣਾ ਆਖਰੀ ਅੰਤਰਰਾਸ਼ਟਰੀ ਮੈਚ 18 ਮਾਰਚ, 2012 ਨੂੰ ਪਾਕਿਸਤਾਨ ਖ਼ਿਲਾਫ਼ ਖੇਡਿਆ ਸੀ। (ਇੰਸਟਾਗ੍ਰਾਮ / ਵਿਨੋਦ ਕਾਂਬਲੀ)




38 ਸਾਲਾ ਮਿਤਾਲੀ ਨੇ ਆਪਣੇ ਕਰੀਅਰ ਵਿਚ 11 ਟੈਸਟ, 214 ਵਨਡੇ ਅਤੇ 89 ਟੀ -20 ਕੌਮਾਂਤਰੀ ਮੈਚ ਖੇਡੇ ਹਨ। ਉਨ੍ਹਾਂ ਨੇ ਟੈਸਟ ਵਿਚ ਇਕ ਸੈਂਕੜਾ ਅਤੇ 4 ਅਰਧ ਸੈਂਕੜਿਆਂ ਦੀ ਮਦਦ ਨਾਲ ਵਨਡੇ ਮੈਚਾਂ ਵਿਚ 7 ਸੈਂਕੜੇ ਅਤੇ 55 ਅਰਧ ਸੈਂਕੜਿਆਂ ਦੀ ਮਦਦ ਨਾਲ 7098 ਦੌੜਾਂ ਅਤੇ ਟੀ -20 ਕੌਮਾਂਤਰੀ ਮੈਚਾਂ ਵਿਚ 2364 ਦੌੜਾਂ ਬਣਾਈਆਂ ਹਨ, ਜਿਸ ਵਿਚ 17 ਅਰਧ ਸੈਂਕੜੇ ਸ਼ਾਮਲ ਹਨ। (ਇੰਸਟਾਗ੍ਰਾਮ)

ਮਿਤਾਲੀ ਵਨ ਡੇਅ ਇੰਟਰਨੈਸ਼ਨਲਜ਼ ਵਿਚ 6,000 ਦੌੜਾਂ ਪੂਰੀ ਕਰਨ ਵਾਲੀ ਪਹਿਲੀ ਮਹਿਲਾ ਕ੍ਰਿਕਟਰ ਵੀ ਹੈ। ਉਸ ਤੋਂ ਬਾਅਦ ਸਾਬਕਾ ਇੰਗਲਿਸ਼ ਮਹਿਲਾ ਕ੍ਰਿਕਟਰ ਸ਼ਾਰਲੋਟ ਐਡਵਰਡਸ ਦਾ ਨਾਮ ਹੈ, ਜਿਨ੍ਹਾਂ ਦੇ ਨਾਮ ਇਸ ਫਾਰਮੈਟ ਵਿੱਚ 5992 ਦੌੜਾਂ ਹੈ। (ਟਵਿੱਟਰ)



## ਫਿਰ ਤੋਂ ਸ਼ਿਲਪਾ ਦੇ ਠੁਮਕੇ ਮਚਾਉਣਗੇ ਹੰਗਾਮਾ, ਟਰੇਲਰ ਹੋਇਆ ਰਿਲੀਜ਼

ਫਿਰ ਤੋਂ ਹੰਗਾਮਾ ਹੋਣ ਵਾਲਾ ਹੈ। ਫਿਰ ਤੋਂ ਰਾਧੇ ਸ਼ਿਆਮ ਤਿਵਾੜੀ ਮੁੜ ਤੋਂ ਆਪਣੀ ਨੱਕ ਬਚਾਉਣ ਵਾਲੇ ਹਨ। ਰਿਸ਼ਤਿਆਂ ਦੀ ਉਲਝਣ 'ਚ ਫਿਰ ਤੋਂ ਮਚਣ ਵਾਲੀ ਹੈ। ਜੀ ਹਾਂ 18 ਸਾਲ ਬਾਅਦ ਇਸ ਵਾਰ ਜੁਲਾਈ ਮਹੀਨੇ ਦੇ ਅੰਤ ਵਿੱਚ ਇਹ ਸਭ ਹੋਣ ਵਾਲਾ ਹੈ, ਕਿਉਂਕਿ ਡਾਇਰੈਕਟਰ ਪ੍ਰਿਅਦਰਸ਼ਨ 'ਹੰਗਾਮਾ 2 ਲੈ ਕੇ ਆ ਰਹੇ ਹਨ। 'ਹੰਗਾਮਾ 2' ਦਾ ਮਜ਼ੇਦਾਰ ਟ੍ਰੇਲਰ ਵੀਰਵਾਰ ਨੂੰ ਜਾਰੀ ਕੀਤਾ ਗਿਆ ਹੈ। ਪਰੇਸ਼ ਰਾਵਲ ਇੱਕ ਵਾਰ ਫਿਰ ਫਿਲਮ ਵਿੱਚ ਰਾਧੇਸ਼ਿਆਮ ਤਿਵਾੜੀ ਦੇ ਕਿਰਦਾਰ ਵਿੱਚ ਹਨ, ਜਦਕਿ ਇਸ ਵਾਰ ਸ਼ਿਲਪਾ ਸ਼ੈੱਟੀ ਆਪਣੀ ਪਤਨੀ ਦੀ ਭੂਮਿਕਾ ਵਿੱਚ ਹਨ। ਮੀਜਾਨ ਜਾਫਰੀ ਦੇ ਨਾਲ, ਪ੍ਰਨੀਤਾ ਸੁਭਾਸ਼, ਆਸ਼ੂਤੋਸ਼ ਰਾਣਾ ਅਤੇ ਰਾਜਪਾਲ ਯਾਦਵ ਵੀ ਇਸ ਮਨੋਰੰਜਨ ਭੰਬਲਭੂਸੇ ਨੂੰ ਹੋਰ ਵਧਾਉਣ ਜਾ ਰਹੇ ਹਨ।

ਫਿਲਮ ਦੇ ਟ੍ਰੇਲਰ ਦੇ ਆਉਣ ਦੇ ਨਾਲ ਹੀ ਇਸ ਨੂੰ ਕਾਫੀ ਪਸੰਦ ਕੀਤਾ ਜਾ ਰਿਹਾ ਹੈ। # ਹੰਗਾਮਾ 2 ਟਵਿੱਟਰ 'ਤੇ ਟ੍ਰੈਂਡ ਕਰ ਰਿਹਾ ਹੈ। ਇਹ ਫਿਲਮ ਓਟੀਟੀ ਪਲੇਟਫਾਰਮ' ਤੇ ਰਿਲੀਜ਼ ਹੋਵੇਗੀ। ਸਾਲ 2021 ਦੇ ਮੋਸਟ ਅਵੇਟਿਡ ਕਾਮੇਡੀ ਫਿਲਮ ਹੰਗਾਮਾ 2 ਦਾ ਟਰੈਲਰ ਕਾਫੀ ਹਸਾਉਂਦਾ ਹੈ। ਇੱਕ ਵਾਰ ਪ੍ਰਿਅਦਰਸ਼ਨ ਆਪਣੇ ਫਲੇਵਰ ਨਾਲ ਵਾਪਸ ਆਈ ਹੈ।




ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਕਿਸੇ ਵੀ ਕੀਮਤ ਤੇ ਗਰੀਬਾਂ ਮਜਦੂਰਾਂ ਨਾਲ ਧੱਕਾ ਨਹੀਂ ਹੋਣ ਦਿਆਂਗੇ – ਜਸਵੰਤ ਸਿੰਘ ਰੰਧਾਵਾ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਮੁਕੇਰੀਆਂ ਦੇ ਪਿੰਡ ਬੱਲੋ ਚੋਹਾਨ ਹਲਕਾ ਮੁਕੇਰੀਆਂ ਵਿੱਚ ਸਰਦਾਰ ਜਸਵੰਤ ਸਿੰਘ ਰੰਧਾਵਾ ਜੀ ਨੇ ਪਿੰਡ ਵਾਸੀਆਂ ਨੂੰ ਮਿਲ ਕੇ ਉਹਨਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਵਿਸ਼ਵਾਸ ਦਵਾਇਆ ਕੀ ਵਿਕਾਸ ਦੀ ਲਹਿਰ ਪਿੰਡਾਂ ਤੋਂ ਹੀ ਸ਼ੁਰੂ ਕੀਤੀ ਜਾਵੇਗੀ। ਜਿਥੇ ਵੀ ਗਲੀਆਂ ਨਾਲੀਆਂ ਨੂੰ ਕੁਝ ਸ਼ਰਾਰਤੀ ਲੋਕਾਂ ਵਲੋਂ ਜਾਣ ਬੁੱਜ ਕੇ ਬਣਨ ਤੋਂ ਰਾਜਸੀ ਸ਼ਹਿ ਤੇ ਰੋਕਿਆ ਜਾ ਰਿਹਾ ਓਹਨਾ ਕੰਮਾਂ ਨੂੰ ਤੁਰੰਤ ਸੰਪੂਰਨ ਕੀਤਾ ਜਾਵੇਗਾ। ਰੰਧਾਵਾ ਨੇ ਕਿਹਾ ਗਰੀਬਾਂ ਮਜਦੂਰਾਂ ਨਾਲ ਕਿਸੇ ਵੀ ਕੀਮਤ ਤੇ ਧੱਕਾ ਨਹੀਂ ਹੋਣ ਦਿਆਂਗੇ ਤੇ ਸਮੂਹ ਪਿੰਡ ਵਾਸੀਆ ਨੇ ਵੀ ਜਸਵੰਤ ਸਿੰਘ ਰੰਧਾਵਾ ਨੂੰ ਭਰੋਸਾ ਦਵਾਇਆ ਕੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਉਹਨਾਂ ਦਾ ਖੁੱਲ ਕੇ ਸਾਥ ਦੇਣਗੇ। ਇਸ ਮੌਕੇ ਹੈਪੀ, ਮਹਿੰਦਰ ਸਿੰਘ, ਡਿਮਪਲ, ਰਾਵਲ ਸਿੰਘ, ਨਿਰੰਜਨ ਸਿੰਘ, ਸਰਪੰਚ ਜਸਵੀਰ ਕੌਰ, ਸੋਖੀ ਪੰਚ, ਗਰਦਾਵਰ ਸਿੰਘ, ਮੋਹਣ ਸਿੰਘ ਪੰਚ, ਰਣਜੀਤ ਸਿੰਘ, ਟੀਟੂ, ਵਿਨੈ, ਨੰਦ ਕਿਸ਼ੋਰ, ਵਿਜੈ ਕੁਮਾਰ, ਅਰਸ਼ਨੂਰ ਸਿੰਘ, ਦਿਲਬਾਗ ਰੰਧਾਵਾ, ਗੁਰਵਿੰਦਰ ਸਿੰਘ ਧਾਮੀ, ਗੁਰਜੀਵਨ ਸਿੰਘ ਖਾਲਸਾ, ਸਰਪੰਚ ਪ੍ਰੀਤਮ ਸਿੰਘ ਬੇਲਾ ਸਰਿਆਣਾ, ਸੁਖਵੰਤ ਸਿੰਘ ਆਦਿ ਲੋਕ ਮੌਜੂਦ ਸਨ।



# ਟ੍ਰੈਫਿਕ ਪੁਲਿਸ ਨੂੰ ਮਿਲਿਆ ਨਵਾਂ ਇੰਟਰਸੈਪਟਰ, ਹੁਣ ਰਾਤ ਨੂੰ ਵੀ ਹੋਣਗੇ ਓਵਰ ਸਪੀਡ' ਤੇ ਚਲਾਨ

**ਪੰਚਕਲਾ (ਦੀਪਕ ਸਰਮਾ)** ਤੇਜ ਰਫਤਾਰ ਵਾਹਨਾਂ ਨੂੰ ਰੋਕਣ ਲਈ ਪੁਲਿਸ ਪੰਚਕੂਲਾ ਦੀਆਂ ਸੜਕਾਂ 'ਤੇ ਵਧੇਰੀ ਸਰਗਰਮ ਹੋ ਗਈ ਹੈ। ਟ੍ਰੈਫਿਕ ਪੁਲਿਸ ਨੂੰ ਇਕ ਨਵਾਂ ਇੰਟਰਸੈਪਟਰ ਮਿਲੀ ਹੈ, ਜੋ ਕਿ ਪਹਿਲਾਂ ਨਾਲੋਂ ਵਧੇਰੇ ਅਪਗ੍ਰੇਡ ਕੀਤੀ ਗਈ ਹੈ । ਪੁਲਿਸ ਇਨਾਂ ਇੰਟਰਸੇਪਟਰਾਂ ਤੋਂ ਤੇਜ ਰਫਤਾਰ ਵਾਹਨਾਂ ਦੇ ਚਲਾਨ ਜਾਰੀ ਕਰੇਗੀ ਅਤੇ ਨਾਲ ਹੀ ਜਲਿ ਵਿਚ ਕਿਤੇ ਵੀ ਭੀੜ ਹੋਣ 'ਤੇ ਮੌਕੇ ਦੀ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਵੀ ਸੰਭਵ ਹੋ ਸਕੇਗੀ । ਇਸ ਦੀ ਸੁਰੂਆਤ ਪੰਚਕੂਲਾ ਵਿਚ ਕੀਤੀ ਜਾ ਚੁੱਕੀ ਹੈ ਅਤੇ ਹੁਣ ਰਾਤ ਵੇਲੇ ਵੀ ਹਾਈਵੇਅ 'ਤੇ ਓਵਰਸਪੀਡ ਗੱਡੀਆਂ ਦੇ ਚਲਾਨ ਦਾ ਕੰਮ ਸੁਰੂ ਕਰ ਦਿੱਤਾ ਗਿਆ ਹੈ ।

ਹੁਣ ਟ੍ਰੈਫਿਕ ਪੁਲਿਸ ਹਾਈਵੇਅ 'ਤੇ ਓਵਰ ਸਪੀਡ' ਤੇ ਚੱਲ ਰਹੇ ਵਾਹਨਾਂ ਨੂੰ ਕੈਪਚਰ ਕਰੇਗੀ ਅਤੇ ਚਲਾਨ ਕਰੇਗੀ । ਕਿਸੇ ਵੀ ਤਰਾਂ ਦਾ ਕੋਈ ਵਾਹਨ, ਭਾਵੇਂ ਦੋ ਪਹੀਆ ਵਾਹਨ ਜਾਂ ਚਾਰ ਪਹੀਆ ਵਾਹਨ ਜਾਂ ਇੱਕ ਤੋਂ ਵੱਧ ਪਹੀਆ ਵਾਹਨ, ਜੇ ਓਵਰ ਸਪੀਡ ਵਿੱਚ ਪਾਇਆ ਜਾਂਦਾ ਹੈ, ਮੋਟਰ ਵਹੀਕਲ ਐਕਟ ਦੇ ਤਹਿਤ ਉਨਾਂ ਵਾਹਨਾਂ 'ਤੇ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ ਅਤੇ ਉਨਾਂ ਦੇ ਚਲਾਨ ਕੱਟਣ ਦਾ ਕੰਮ ਸੁਰੂ ਕਰ ਦਿੱਤਾ ਗਿਆ ਹੈ। ਐਸਐਚਓ ਟ੍ਰੈਫਿਕ ਸੁਖਦੇਵ ਸਿੰਘ ਨੇ ਦੱਸਿਆ ਕਿ ਸਾਨੂੰ ਨਵਾਂ ਇੰਟਰਸੈਪਟਰ ਮਿਲਿਆ ਹੈ । ਉਨਾਂ ਨੂੰ ਹਾਈਵੇ ਤੋਂ ਸਹਿਰ ਦੀਆਂ ਸੜਕਾਂ ਤੱਕ ਚਲਾਇਆ ਜਾਵੇਗਾ । ਇਸ ਵਿਚ ਕਈ ਨਵੀਆਂ ਵਿਸੇਸਤਾਵਾਂ ਵੀ ਆ ਗਈਆਂ ਹਨ, ਜੋ ਆਪਣੇ ਆਪ ਓਪ੍ਰੇਟ ਹੋਣ ਗਿਆ । ਇਸ ਵਿਚ ਨਾਈਟ ਵਿਸ਼ਨ ਵਿਚ ਵੀ ਓਵਰ ਸਪੀਡ 'ਤੇ ਚਲਾਨ ਕੀਤੇ ਜਾ ਸਕਦੇ ਹਨ ।ਇਹ ਇੰਟਰਸੈਪਟਰ ਮਸੀਨ ਰਾਤ ਨੂੰ ਹਨੇਰੇ ਵਿੱਚ 500 ਮੀਟਰ ਦੀ ਦੂਰੀ ਤੱਕ ਕੰਮ ਕਰੇਗੀ । ਵਾਹਨ ਦੇ ਸਿਖਰ 'ਤੇ ਲਗਾਇਆ ਡੋਮ ਕੈਮਰਾ 90 ਡਿਗਰੀ' ਤੇ ਰਿਕਾਰਡ ਕਰੇਗਾ । ਜਿਸ ਦੀ ਸਹਾਇਤਾ ਨਾਲ ਸਰਾਰਤੀ ਅਨਸਰਾਂ ਦੀ ਵੀਡੀਓਗ੍ਰਾਫੀ ਭੀੜ ਵਾਲੇ ਖੇਤਰ ਵਿਚ ਜਾਂ ਭੀੜ ਵਿਚ ਅਸਾਨੀ ਨਾਲ ਕੀਤੀ ਜਾ ਸਕਦੀ ਹੈ ।

# ਡੀਜ਼ਲ ਅਤੇ ਪੈਟਰੋਲ ਦੀਆਂ ਵਧੀਆਂ ਕੀਮਤਾਂ ਨੂੰ ਲੈ ਕੇ ਕਾਂਗਰਸ ਪਾਰਟੀ ਵੱਲੋਂ ਲਗਾਇਆ ਗਿਆ ਧਰਨਾ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਦਿਨੋ ਦਿਨ ਵਧ ਰਹੀਆਂ ਤੇਲ ਅਤੇ ਗੈਸ ਦੀਆਂ ਕੀਮਤਾਂ ਤੋਂ ਪਰੇਸ਼ਾਨ ਹੋ ਕੇ ਅੱਜ ਕਾਂਗਰਸ ਪਾਰਟੀ ਦੇ ਵਰਕਰਾਂ ਵੱਲੋਂ ਹਾਜੀਪੁਰ ਦੇ ਬੁੱਢਾਬਾੜ ਚੌਂਕ ਵਿਖੇ ਧਰਨਾ ਲਗਾਇਆ ਗਿਆ। ਬਲਾਕ ਪ੍ਰਧਾਨ ਹਾਜੀਪੁਰ ਕਿਸ਼ੋਰ ਕੁਮਾਰ ਵੱਲੋਂ ਸਿੱਧਾ ਸਿੱਧਾ ਨਿਸ਼ਾਨਾ ਮੋਦੀ ਸਰਕਾਰ ਤੇ ਲਾਇਆ ਕਿ ਮੋਦੀ ਸਰਕਾਰ ਵੱਲੋਂ ਕੀਤੇ ਗਏ ਵੱਡੇ-ਵੱਡੇ ਵਾਦੇ ਜਿਨ੍ਹਾਂ ਵਿਚੋਂ ਇਕ ਵੀ ਪੂਰਾ ਨਹੀਂ ਹੋਇਆ। ਨਾ ਤਾਂ ਕਿਸੇ ਨੂੰ ਰੁਜ਼ਗਾਰ ਦਿੱਤਾ ਗਿਆ ਤੇ ਨਾਂ ਹੀ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਦਿੱਤੀਆਂ ਗਈਆਂ ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਮੋਦੀ ਸਰਕਾਰ ਹਰ ਫਰੰਟ ਤੇ ਫੇਲ ਦਿਖਾਈ ਦਿੱਤੀ ਹੈ ਅਤੇ ਨਾਲ ਹੀ ਕਿਸ਼ੋਰ ਕੁਮਾਰ ਦਾ ਇਹ ਕਹਿਣਾ ਹੈ ਕਿ ਦਿਨੋ ਦਿਨ ਲੱਗ ਰਹੇ ਬਿਜਲੀ ਦੇ ਕੱਟਾਂ ਤੋਂ ਆਮ ਜਨਤਾ ਤਾਂ ਪ੍ਰੇਸ਼ਾਨ ਹੋਈ ਅਤੇ ਉਥੋਂ ਹੀ ਦੁਕਾਨਦਾਰ ਜੋ ਛੋਟੀ-ਮੋਟੀ ਦੁਕਾਨ ਕਰਦੇ ਹਨ ਜਿਹਨਾਂ ਦਾ ਕਾਰੋਬਾਰ ਬਿਜਲੀ ਦੇ ਨਾਲ ਹੀ ਚਲਦਾ ਹੈ ਜੇਕਰ ਪੂਰਾ ਦਿਨ ਵਿੱਚ ਦੋ ਘੰਟੇ ਬਿਜਲੀ ਆਉਂਦੀ ਹੈ ਤਾਂ ਉਹਨਾ ਦਾ ਚਾਰ ਦਿਨ ਦਾ ਰਾਸ਼ਨ ਤਾਂ ਕਿ ਇੱਕ ਸਮੇਂ ਦੀ ਰੋਟੀ ਖਾਣਾ ਵੀ ਔਖਾ ਹੋ ਜਾਂਦਾ ਹੈ ਦੂਜੇ ਪਾਸੇ ਗੈਸ ਸਿਲੰਡਰ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ।

ਇਸ ਮੌਕੇ ਉਤੇ ਹਲਕਾ ਵਿਧਾਇਕ ਇੰਦੂ ਬਾਲਾ ਐਮ ਐਲ ਏ ਮੁਕੇਰੀਆਂ ਮੌਕੇ ਤੇ ਹਾਜਰ ਹੋਏ ਅਤੇ ਉਹਨਾਂ ਵੱਲੋਂ ਵੀ ਮੋਦੀ ਸਰਕਾਰ ਖਿਲਾਫ ਤਿੱਖੀ ਨਾਹਰੇਬਾਜੀ ਕੀਤੀ ਗਈ ਅਤੇ ਉਨ੍ਹਾਂ ਨੇ ਕਿਹਾ ਜਿਥੇ ਬਿਜਲੀ ਦੇ ਕੱਟ ਅਤੇ ਗੈਸ ਦੀਆਂ ਕੀਮਤਾਂ ਤੋਂ ਆਮ ਜਨਤਾ ਪ੍ਰੇਸ਼ਾਨ ਹੈ ਉਥੇ ਹੀ ਦਿਨੋਂ ਦਿਨ ਪੈਟਰੋਲ ਅਤੇ ਡੀਜ਼ਲ ਵਿੱਚ ਹੋ ਰਹੇ ਵਾਧੇ ਵੀ ਲੋਕਾਂ ਲਈ ਪਰੇਸ਼ਾਨੀ ਦਾ ਵਿਸ਼ਾ ਬਣ ਗਏ ਹਨ। ਉਹਨਾਂ ਨੇ ਕਿਹਾ ਕਿ ਸੈਂਟਰ ਸਰਕਾਰ ਇਹਨਾਂ ਵੱਧ ਰਹੀਆਂ ਕੀਮਤਾਂ ਉੱਤੇ ਠੱਲ ਪਾਵੇ ਤਾਂ ਜੋ ਆਮ ਨਾਗਰਿਕ ਘਰ ਵਿਚ ਦੋ ਟਾਈਮ ਦੀ ਰੋਟੀ ਖਾ ਸਕੇ। ਇਹਨਾਂ ਵੱਧ ਰਹੀਆਂ ਕੀਮਤਾਂ ਕਰਕੇ ਹਰ ਵਰਗ ਦੇ ਲੋਕ ਪ੍ਰੇਸ਼ਾਨ ਹੋ ਚੁੱਕੇ ਹਨ ਕੀ ਉਹ ਆਤਮ ਹੱਤਿਆ ਤੱਕ ਕਰਨ ਤੇ ਮਜਬੂਰ ਹੋ ਚੁੱਕੇ ਹਨ ਅਤੇ ਕਾਂਗਰਸ ਪਾਰਟੀ ਵੱਲੋਂ ਇਹ ਕਿਹਾ ਗਿਆ ਹੈ ਕਿ ਇਹਨਾਂ ਵਧੀਆਂ ਕੀਮਤਾਂ ਤੇ ਰੋਕ ਲਗਾਈ ਜਾਵੇ ਅਤੇ ਇਹਨਾ ਵਧੀਆਂ ਕੀਮਤਾਂ ਨੂੰ ਜਲਦ ਹੀ ਘਟਾਇਆ ਜਾਵੇ। ਇਸ ਮੌਕੇ ਉੱਤੇ ਯੁਵਾ ਨੇਤਾ ਕਪਿਲ ਕੁਮਾਰ,ਐਮ.ਐਲ.ਏ ਮੇਡਮ ਇੰਦੂ ਬਾਲਾ ਜੀ, ਐਡਵੋਕੇਟ ਸੱਭਿਆ ਸ਼ਾਚੀ, ਸਰਪੰਚ ਚਾਚਾ ਕੁਲਦੀਪ, ਜਿੱਲਾ ਵਾਇਸ ਪ੍ਰਧਾਨ ਜਗਦੇਵ ਪਠਾਨਿਆ, ਵਾਇਸ ਚੇਅਰਪਰਸਨ ਸੁਨੀਤਾ ਮਨਹਾਸ, ਸਮਤੀ ਮੈਬਰ ਸੁਰਿੰਦਰ, ਸਮਤੀ ਮੈਬਰ ਚਾਨਣ ਸਿੰਘ, ਸਰਪੰਚ ਸੰਧਵਾਲ, ਸੰਰਪੰਚ ਸਿੱਬੋ ਚੱਕ,ਸਰਪੰਚ ਵਜੀਰਾ,ਸਰਪੰਚ ਗੋਦਾ,ਸਰਪੰਚ ਸੇਦੋ,ਸਰਪੰਚ ਨੁਸੇਹਰਾ,ਐਕਸ ਸਰਪੰਚ ਸਰਿਆਣਾ,ਸਰਪੰਚ ਪੂਰੋ ਚੱਕ,ਸਰਪੰਚ ਸੜੋਆ,ਸਰਪੰਚ ਬਰਿਆਹ,ਸਰਪੰਚ ਡਾਡੇ ਕਟਵਾਲ,ਰਜਨੀਸ਼ ਮਿਨ-ਹਾਸਅਤੇ ਹੋਰ ਬਹੁਤ ਸਾਰੇ ਸਰਪੰਚ ਸਾਹਿਬਾਨ ਨੇ ਹਿੱਸਾ ਲਿਆ।



# ਰਾਜਨੀਤਿਕ ਇਤਿਹਾਸ ਵਿੱਚ ਕਾਲੇ ਅੱਖਰਾਂ ਵਿੱਚ ਲਿਖਿਆ ਜਾਵੇਗਾ ਮੋਦੀ ਦਾ ਨਾਮ ਵਿਧਾਇਕ: ਅਰੁਣ ਡੋਗਰਾ

**ਤਲਵਾੜਾ, ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਬਲਾਕ ਕਾਂਗਰਸ ਕਮੇਟੀ ਤਲਵਾੜਾ ਨੇ ਹਲਕਾ ਵਿਧਾਇਕ ਅਰੁਣ ਡੋਗਰਾ ਜੀ ਦੀ ਅਗਵਾਈ ਹੇਠ ਅੱਜ ਸਵੇਰੇ 11 ਵਜੇ ਕੇਂਦਰ ਸਰਕਾਰ ਖ਼ਿਲਾਫ਼ ਪੈਟਰੋਲ ਅਤੇ ਡੀਜ਼ਲ ਦੀਆਂ ਵਧੀਆਂ ਕੀਮਤਾਂ ਦੇ ਰੋਸ ਵਿੱਚ ਆਪਣੇ ਦਫ਼ਤਰ ਦੇ ਬਾਹਰ ਧਰਨਾ ਦਿੱਤਾ। ਵਿਧਾਇਕ ਅਰੁਣ ਡੋਗਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੈਂ ਅਕਸਰ ਬਹੁਤ ਸਾਰੇ ਤਜਰਬੇਕਾਰ ਲੋਕਾਂ ਨੂੰ ਮਿਲਦਾ ਹਾਂ ਜਿਹੜੇ ਰਾਜਨੀਤਿਕ ਤਜ਼ਰਬੇ ਅਤੇ ਅਰਥ ਸ਼ਾਸਤਰ ਨੂੰ ਜਾਣਦੇ ਹਨ ਅਤੇ ਉਹ ਇਹ ਵੀ ਕਹਿੰਦੇ ਹਨ ਕਿ ਭਾਰਤ ਦੇ ਰਾਜਨੀਤਿਕ ਇਤਿਹਾਸ ਵਿੱਚ ਪਹਿਲੀ ਵਾਰ ਉਸਨੇ ਅਜਿਹਾ ਮੂਰਖ ਪ੍ਰਧਾਨ ਮੰਤਰੀ ਦੇਖਿਆ ਹੈ, ਜਿਸਦਾ ਨਾਮ ਰਾਜਨੀਤਕ ਹੈ ਇਤਿਹਾਸ. ਬੋਰਡ ਉੱਤੇ ਕਾਲੇ ਅੱਖਰਾਂ ਵਿੱਚ ਲਿਖਿਆ ਜਾਵੇਗਾ ਵਿਧਾਇਕ ਨੇ ਕਿਹਾ ਕਿ ਮਹਾਨ ਅਰਥ ਸ਼ਾਸਤਰੀ

ਅਤੇ ਨੋਟਬੰਦੀ, ਜਿਸ ਨੂੰ ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਇਕ ਜਲਦਬਾਜ਼ੀ ਵਾਲਾ ਫੈਸਲਾ ਕਿਹਾ ਸੀ ਅਤੇ ਕਿਹਾ ਸੀ ਕਿ ਆਉਣ ਵਾਲੇ ਦਿਨਾਂ ਵਿਚ ਜਨਤਾ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ, ਭਾਜਪਾ ਸਰਕਾਰ ਵੀ ਨੋਟਬੰਦੀ ਦੇ ਫੈਸਲੇ ਨੂੰ ਆਪਣੀ ਵੱਡੀ ਪ੍ਰਾਪਤੀ ਮੰਨਦੀ ਹੈ ਅਰੁਣ ਡੋਗਰਾ ਨੇ ਆਪਣੇ ਸੰਬੋਧਨ ਦੇ ਅਖੀਰ ਵਿੱਚ ਕਿਹਾ ਕਿ "ਭਾਰਤੀ ਜੁਮਲਾ ਪਾਰਟੀ" ਸਰਕਾਰ ਦਾ ਇੱਕ ਰੁਤਬਾ ਸੀ ਕਿ ਉਹ ਰੁਪਏ ਅਤੇ ਡਾਲਰ ਦੇ ਮੁੱਲ ਦੀ ਬਰਾਬਰੀ ਕਰੇਗੀ, ਪਰ ਇਸਦੇ ਉਲਟ, ਪੈਟਰੋਲ ਅਤੇ ਡੀਜ਼ਲ ਦੀ ਕੀਮਤ ਦੇ ਬਰਾਬਰ ਹੋ ਗਈ ਇਸ ਮੌਕੇ ਤੇ ਸਾਰੇ ਕਾਂਗਰਸ ਪਾਰਟੀ ਵਰਕਰ ਜਿਵੇਂ ਕ੍ਰਿਸ਼ਨ ਕੁਮਾਰ ਫੌਜੀ ਜ਼ਲ੍ਹਿਾ ਪ੍ਰੀਸ਼ਦ ਮੈਂਬਰ, ਸੀਨੀਅਰ ਕਾਂਗਰਸੀ ਆਗੂ ਸਰਪੰਚ ਰਾਮ ਪ੍ਰਸਾਦ ਕਪਤਾਨ ਓਮਕਾਰ, ਰਵਿੰਦਰ ਰੁਲਦੂ ਅਤੇ ਸ਼ਸ਼ੀ ਮਹਿਤਾ, ਪ੍ਰੀਤਮ ਠਾਕੁਰ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਤਲਵਾੜਾ, ਰਜਿੰਦਰ ਪਿੰਕੀ ਸੱਕਤਰ ਬਲਾਕ ਕਾਂਗਰਸ ਕਮੇਟੀ ਤਲਵਾੜਾ, ਮੋਨਿਕਾ ਸ਼ਰਮਾ ਪ੍ਰਧਾਨ ਨਗਰ ਪੰਚਾਇਤ ਤਲਵਾੜਾ, ਮੀਤ ਪ੍ਰਧਾਨ ਜੋਗਿੰਦਰ ਸੰਦਿਾ, ਕੌਂਸਲਰ ਤਰਨਜੀਤ ਬੌਬੀ, ਕੌਂਸਲਰ ਵਿਕਾਸ ਗੋਗਾ, ਕੌਂਸਲਰ ਪਵਨ ਸ਼ਰਮਾ, ਕੌਂਸਲਰ ਪਰਮਿੰਦਰ ਕੌਰ, ਕੌਂਸਲਰ ਸ਼ੈਲੀ ਰਿਸ਼ੀ, ਕੌਂਸਲਰ ਸੁਰਿੰ-ਦਰ ਕੌਰ, ਸਰਲਾ, ਸ਼ਸ਼ੀ ਪ੍ਰਧਾਨ, ਨੀਲਮ, ਰਾਜੂ ਧੂਲ, ਨਵਲ ਕਿਸ਼ੋਰ, ਬਿਸ਼ਨ ਸ਼ਾਮਲ ਸਨ। ਦਾਸ ਸੰਧੂ, ਸਰਪੰਚ ਹੈਪੀ, ਮਾਸਟਰ ਸਤਨਾਮ, ਅਰੁਣ ਕਸ਼ਯਪ, ਸਰਪ ਮੌਜੂਦ ਸਨ।




# ਰੋਟਰੀ ਕਲੱਬ ਨਕੋਦਰ ਈਸਟ ਨੇ ਸਰਕਾਰੀ ਸਕੂਲ ਚ ਲਗਵਾਇਆ ਬੱਚਿਆਂ ਦੇ ਹੱਥ ਧੋਣ ਲਈ ਸ਼ੈਂਕ

**ਨਕੋਦਰ (ਟੋਨੀ)** ਸਮਾਜ ਸੇਵਾ ਨੂੰ ਸਮਰਪਿਤ ਰੋਟਰੀ ਕੱਲਬ ਨਕੋਦਰ ਈਸਟ ਦੇ ਪ੍ਰਧਾਨ ਸੀਤਾ ਰਾਮ ਨਿੱਝਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਸ਼ੰਕਰ ਵਿਖੇ ਕਲੱਬ ਵੱਲੋਂ ਬੱਚਿਆਂ ਦੇ ਹੱਥ ਧੋਣ ਲਈ ਸ਼ੈਂਕ ਲਗਵਾਇਆ ਗਿਆ ਹੈ। ਉਹਨਾਂ ਨੇ ਕਿਹਾ ਕਿ ਕੱਲਬ ਵੱਲੋਂ ਹਮੇਸ਼ ਹੀ ਸਮਾਜ ਦੇ ਭਲੇ ਲਈ ਹੀ ਪ੍ਰੋਜੈਕਟ ਲਗਾਏ ਜਾਂਦੇ ਹਨ ਅਤੇ ਆਉਣ ਵਾਲੇ ਸਮੇਂ ਚ ਹੋਰ ਵੀ ਕਈ ਪ੍ਰੋਜੈਕਟ ਲਗਾਏ ਜਾ ਰਹੇ ਹਨ। ਇਸ ਮੌਕੇ ਸੈਕਟਰੀ ਅਜੈ ਕੁਮਾਰ, ਸੰਜੀਵ ਮਹਾਜਨ, ਪ੍ਰੀਤਮ ਸਿੰਘ ਅਰੋੜਾ, ਰੋਹਿਤ ਨਾਰੰਗ, ਰਾਜੇਸ਼ ਸ਼ਰਮਾ ਅਤੇ ਸਕੂਲ ਸਟਾਫ ਹਾਜਰ ਸੀ।




# ਸਟੇਟ ਬੈਂਕ ਸ਼ਾਖਾ ਧਾਮੀਆਂ ਨੇ 100 ਬੂਟੇ ਲਾ ਕੇ ਆਪਣਾ 66ਵਾਂ ਸਥਾਪਨਾ ਦਿਵਸ ਮਨਾਇਆ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਮੁਕੇਰੀਆਂ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਪਿੰਡ ਬੱਛੋਵਾਲ ਸੜੋਆ ਵਿੱਚ ਅੱਜ ਭਾਰਤੀਆ ਸਟੇਟ ਬੈਂਕ ਬ੍ਰਾਂਚ ਧਾਮੀਆਂ ਦੇ ਸਟਾਫ ਵੱਲੋਂ 66ਵਾਂ ਬੈਂਕ ਡੇ ਮਨਾਇਆ ਗਿਆ। ਇਸ ਮੌਕੇ ਤੇ ਬ੍ਰਾਂਚ ਮੈਨੇਜਰ ਸ੍ਰੀ ਗੁਰਪ੍ਰੀਤ ਸਿੰਘ ਜੀ ਦੀ ਅਗਵਾਈ ਹੇਠ ਸਾਰੇ ਸਟਾਫ ਮੈਂਬਰਾਂ ਨੇ ਪਿੰਡ ਵਾਸੀ ਅਤੇ ਪੰਚਾਇਤ ਨਾਲ ਮਿਲ ਕੇ ਪਿੰਡ ਵਿੱਚ 100 ਬੂਟਾ ਲਗਾ ਕੇ ਬੈਂਕ ਡੇਅ ਮਨਾਇਆ। ਇਸ ਮੌਕੇ ਬਰਾਂਚ ਮੈਨੇਜਰ ਗੁਰਪ੍ਰੀਤ ਸਿੰਘ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਦਿਨੋਂ ਦਿਨ ਜੋ ਧਰਤੀ ਦੇ ਵਿੱਚੋਂ ਪਾਣੀ ਦਾ ਲੈਵਲ ਥੱਲੇ ਜਾ ਰਿਹਾ ਹੈ ਜੇ ਏਦਾਂ ਹੀ ਚੱਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜੋ ਸਾਡੀ ਪੰਜਾਬ ਦੀ ਧਰਤੀ ਨੂੰ ਮਾਰੂਥਲ ਵਿੱਚ ਬਦਲਣ ਲਈ ਸਮਾਂ ਨਹੀਂ ਲੱਗੇਗਾ ਸੋ ਇਸ ਦਾ ਸਮਾਧਾਨ ਸਾਨੂੰ ਆਪ ਹੀ ਕਰਨਾ ਪਵੇਗਾ। ਇਸ ਲਈ ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਪ੍ਰਣ ਕਰਨਾ ਚਾਹੀਦਾ ਹੈ ਜੇ ਜ਼ਿਆਦਾ ਨਹੀਂ ਤਾਂ ਸਾਨੂੰ ਇੱਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ ਅਤੇ ਉਸ ਦੀ ਦੇਖ ਰੇਖ ਵੀ ਕਰਨੀ ਜ਼ਰੂਰੀ ਹੈ ਅਗਰ ਜੇ ਅਸੀਂ ਸਾਰੇ ਮਿਲ ਕੇ ਇਹ ਜ਼ਿੰਮੇਵਾਰੀ ਨਿਭਾਵਾਂਗੇ ਇੱਕ ਤੇ ਵਾਤਾਵਰਨ ਸਾਫ ਹੋਵੇਗਾ ਮਨਸੂਨ ਵੀ ਜ਼ਿਆਦਾ ਆਉਣਗੇ ਉਸ ਨਾਲ ਬਾਰਸ਼ ਹੋਵੇਗੀ ਤਾਂ ਹੀ ਪਾਣੀ ਦਾ ਲੈਵਲ ਉੱਪਰ ਆਵੇਗਾ ਹੋਰ ਵੀ ਕਈ ਤਰ੍ਹਾਂ ਦੀ ਪਿੰਡ ਵਾਸੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਤੇ ਸਟਾਫ ਮੈਂਬਰ ਬਿਕਰਮ ਸਿੰਘ ਰਾਜਿੰਦਰ ਸਿੰਘ ਰਾਕੇਸ਼ ਕੁਮਾਰ ਅਤੇ ਪਿੰਡ ਵਾਸੀ ਅਨੋਖਾ ਸਿੰਘ, ਵਿਸਾਖਾ ਸਿੰਘ, ਕੁਲਦੀਪ ਸਿੰਘ, ਕਸ਼ਮੀਰ ਸਿੰਘ, ਜਗਦੀਸ਼ ਸਿੰਘ, ਮਲਕੀਅਤ ਸਿੰਘ ਆਦਿ ਹਾਜ਼ਰ ਸਨ।



# ਮੈਡਮ ਪੂਨਮ ਸਿੰਘ ਨੇ ਐਸ.ਡੀ.ਐਮ ਸੰਭਾਲਿਆ ਨਕੋਦਰ ਦਾ ਅਹੁਦਾ

**ਨਕੋਦਰ (ਟੋਨੀ)** ਸਬ ਡਵਿਜਨਲ ਨਕੋਦਰ ਵਿਖੇ ਐਸ.ਡੀ.ਐਮ ਗੋਤਮ ਜੈਨ ਜੋ ਕਿ ਨਕੋਦਰ ਵਿਖੇ ਸੇਵਾ ਨਿਭਾ ਰਹੇ ਸੀ, ਉਹਨਾਂ ਦਾ ਤਬਾਦਲਾ ਪਟਿਆਲਾ ਵਿਖੇ ਏ.ਡੀ.ਸੀ. ਵਜੋਂ ਹੋਣ ਕਰਕੇ ਨਕੋਦਰ ਸਬ ਡਵੀਜਨਲ ਵਿਖੇ ਨਵੇਂ ਨਿਯੁਕਤ ਐਸ.ਡੀ.ਐਮ ਮੈਡਮ ਪੂਨਮ ਸਿੰਘ ਨੇ ਆਪਣਾ ਚਾਰਜ ਸੰਭਾਲ ਲਿਆ ਹੈ। ਐਸ.ਡੀ.ਐਮ. ਮੈਡਮ ਪੂਨਮ ਸਿੰਘ ਪਹਿਲਾਂ ਫਰੀਦਕੋਟ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ।






ਕਰਤਾਰਪੁਰ ਵਿਖੇ ਭੁੱਲਥ ਰੋਡ ਤੇ ਪਵਨ ਸ਼ਰਮਾ ਵੱਲੋਂ ਲਗਾਏ ਕੜੀ ਚਾਵਲ ਦੇ ਲੰਗਰ ਨੂੰ ਵਰਤਾਉਂਦੇ ਮਹੇਸ਼ਕਾਂਤ ਸ਼ਰਮਾ, ਅਮਰਜੀਤ ਸਿੰਘ ਭੰਵਰਾ, ਅਸ਼ੀਸ਼ ਜੌਲੀ, ਗੁਰਨਾਮ ਚੰਦ, ਸੁਰਿੰਦਰ ਸਿੰਘ, ਸੁਦੀਪ ਕੁਮਾਰ, ਅਰੁਣ ਸ਼ਰਮਾ, ਅਵਤਾਰ ਸਿੰਘ ਭੰਵਰਾ, ਜਸਦੀਪ ਸਿੰਘ ਭੰਵਰਾ ਆਦਿ।

**(ਤਸਵੀਰ ਤੇ ਵੇਰਵਾ ਜਸਵੰਤ ਵਰਮਾ/ ਦਿਨੇਸ਼ ਕੁਮਾਰ )**

# ਤੇਲ ਦੀਆਂ ਵਧ ਰਹੀਆਂ ਕੀਮਤਾਂ ਦੇ ਖਿਲਾਫ ਕਾਂਗਰਸ ਵੱਲੋਂ ਨਕੋਦਰ ਵਿੱਚ ਧਰਨਾ

**ਨਕੋਦਰ (ਟੋਨੀ)** ਤੇਲ ਦੀਆਂ ਵਧ ਰਹੀਆਂ ਕੀਮਤਾਂ ਦੇ ਖਿਲਾਫ ਕਾਂਗਰਸ ਵੱਲੋਂ ਨਕੋਦਰ ਐੱਸ ਡੀ ਐੱਮ ਦਫਤਰ ਅੱਗੇ ਹਲਕਾ ਇੰਚਾਰਜ ਜਗਬੀਰ ਸਿੰਘ ਬਰਾੜ ਦੀ ਰਹਿਨੁਮਾਈ ਹੇਠ ਤੇ ਜਿਲ੍ਹਾ ਪ੍ਰੀਸ਼ਦ ਦੇ ਵਾਈਸ ਚੇਅਰਮੈਨ, ਮਾਰਕੀਟ ਕਮੇਟੀ ਨਕੋਦਰ ਦੇ ਚੇਅਰਮੈਨ ਜਸਬੀਰ ਸਿੰਘ ਉੱਪਲ ਦੀ ਅਗਵਾਈ ਵਿੱਚ ਧਰਨਾ ਲਗਾਇਆ ਗਿਆ। ਇਸ ਮੌਕੇ ਬੋਲਦਿਆਂ ਦਰਸ਼ਨ ਸਿੰਘ ਟਾਹਲੀ ਨੇ ਕਿਹਾ ਕਿ ਪੰਜਾਬ ਦੀ ਖੇਤੀ ਡੀਜ਼ਲ ਤੇ ਨਿਰਭਰ ਕਰਦੀ ਹੈ ਤੇ ਦੇਸ਼ ਦੇ ਹਰ ਵਰਗ ਦੇ ਲੋਕ ਖੇਤੀ ਉਤਪਾਦਾ ਤੇ ਨਿਰਭਰ ਕਰਦੇ ਹਨ ਤੇ ਤੇਲ ਦੀਆਂ ਵਧ ਰਹੀਆਂ ਕੀਮਤਾਂ ਨੇ ਹਰ ਵਰਗ ਦਾ ਲੱਕ ਤੋੜ ਕੇ ਰੱਖ ਦਿੱਤਾ।ਜਸਬੀਰ ਸਿੰਘ ਉੱਪਲ ਨੇ ਕਿਹਾ ਕੇ ਕਾਂਗਰਸ ਦੇ ਰਾਜ ਸਮੇਂ ਸਲੰਡਰ ਤੇ ਤੇਲ ਦੀ ਕੀਮਤ ਲਿਮਟ ਵਿੱਚ ਸੀ ਤੇ ਲੋਕਾਂ ਦੀ ਪਹੁੰਚ ਵਿੱਚ ਸੀ ਹੁਣ ਤਾਂ ਮੋਦੀ ਸਰਕਾਰ ਮਹਿੰਗਾਈ ਨਾਲ ਲੋਕਾਂ ਨੂੰ ਮਾਰਨ ਤੇ ਤੁਲੀ ਹੈ।ਉੱਪਲ ਨੇ ਕਿਹਾ ਕਿ ਅੱਜ ਕਿਸਾਨਾਂ ਦਾ ਅੰਦੋਲਨ ਚਲਦੇ ਨੂੰ ਲੰਬਾ ਸਮਾਂ ਹੋ ਗਿਆ ਪਰ ਮੋਦੀ ਨੇ ਜਿਦ ਫੜੀ ਹੈ ਜੋ ਲੋਕਤੰਤਰ ਵਾਲੇ ਦੇਸ਼ ਵਿੱਚ ਬਹੁਤ ਮੰਦਭਾਗੀ ਗੱਲ ਹੈ। ਇਸ ਮੌਕੇ ਹੋਰ ਆਗੂਆ ਨੇ ਵੀ ਸੰਬੋਧਨ ਕਰਦਿਆਂ ਮੋਦੀ ਸਰਕਾਰ ਤੇ ਨਿਸ਼ਾਨੇ ਖਿੱਚੇ। ਇਸ ਮੌਕੇ ਐੱਸ ਡੀ ਐੱਮ ਨਕੋਦਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਇਸ ਧਰਨੇ ਵਿੱਚ ਬਲਜੀਤ ਸਿੰਘ ਪੁਰੇਵਾਲ ਬਲਾਕ ਸੰਮਤੀ ਮੈਂਬਰ,ਨਵਨੀਤ ਸਿੰਘ ਐਰੀ ਨੀਤਾ ਪ੍ਰਧਾਨ ਨਗਰ ਕੌਂਸਲ ਨਕੋਦਰ, ਪਵਨ ਗਿੱਲ ਵਾਇਸ ਪ੍ਰਧਾਨ ਨਗਰ ਕੌਂਸਲ ਨਕੋਦਰ, ਗੁਰਪ੍ਰੀਤ ਸਿੰਘ ਗੋਪੀ ਸੰਧੂ ਸੀਨੀਅਰ ਵਾਈਸ ਪ੍ਰਧਾਨ ਨਗਰ ਕੌਂਸਲ ਨਕੋਦਰ, ਚਰਨਜੀਤ ਸਿੰਘ ਬਿੱਲਾ ਸਰੀਂਹ, ਹਰੀਸ਼ ਸ਼ਰਮਾ, ਸਤਿੰਦਰ ਸਿੰਘ ਬੱਬੂ ਭਾਟੀਆ ਐੱਮ ਸੀ ਨਕੋਦਰ, ਭਿੰਦਾ ਲਿੱਤਰਾਂ, ਕਿਰਨਦੀਪ ਧੀਰ, ਹਰਦੇਵ ਸਿੰਘ ਔਜਲਾ, ਸਹਿਲ ਅਗਨੀ ਹੋਤਰੀ, ਮੋਹਿਤ ਧੀਰ, ਸੁਖਜਿੰਦਰ ਮੁੱਧ, ਗੌਰਵ ਜੈਨ, ਸਰਬਜੀਤ ਸਹੋਤਾ, ਵਿਜੇ ਪੋਪਲੀ, ਸੁਖਬੀਰ ਸਿੰਘ ਸੰਧੂ, ਬੱਗਾ ਮਹਾਜਨ, ਦੀਨਾ ਨਾਥ ਗਈ, ਸਲਵੰਤ ਸਿੰਘ ਸਰਪੰਚ ਅਲੇਵਾਲੀ, ਸੰਤੋਖ ਸਿੰਘ ਸੋਖਾ, ਜਿੰਦਰ ਟਾਹਲੀ ਹਾਜਰ ਸੀ।




# ਕਿਰਤੀ ਕਿਸਾਨਾਂ ਤੇ ਪੇਂਡੂ ਮਜ਼ਦੂਰਾਂ ਵਲੋਂ ਪਾਵਰਕਾਮ ਦਫ਼ਤਰ ਦਾ ਘੇਰਾਓ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਬਿਜਲੀ ਸਪਲਾਈ ਦੇ ਮੰਦੇ ਹਾਲ ਵਿਰੁੱਧ ਐਕਸੀਅਨ ਪਾਵਰਕਾਮ ਕਰਤਾਰਪੁਰ ਦੇ ਦਫ਼ਤਰ ਦਾ 2 ਘੰਟੇ ਤੋਂ ਵੱਧ ਸਮਾਂ ਘੇਰਾਓ ਕੀਤਾ ਗਿਆ। ਘੇਰਾਓ ਦੌਰਾਨ ਨਾ ਤਾਂ ਕਿਸੇ ਨੂੰ ਦਫ਼ਤਰ ਦੇ ਅੰਦਰ ਵੜਨ ਦਿੱਤਾ ਗਿਆ ਅਤੇ ਨਾ ਹੀ ਕਿਸੇ ਨੂੰ ਦਫ਼ਤਰ ਤੋਂ ਬਾਹਰ ਨਿਕਲਣ ਦਿੱਤਾ ਗਿਆ। ਹਲਕਾ ਵਿਧਾਇਕ ਦੇ ਘੇਰਾਓ ਦੀ ਚੇਤਾਵਨੀ ਦਿੰਦੇ ਸਾਰ ਹੀ ਮੌਕੇ ਉੱਤੇ ਐਕਸੀਅਨ ਨੂੰ ਧਰਨਾਕਾਰੀਆਂ ਵਿੱਚ ਆਉਣਾ ਪਿਆ। ਸ਼ਾਮ ਨੂੰ ਹੀ ਸੜੇ ਟ੍ਰਾਂਸਫਾਰਮਰ ਬਦਲਣੇ ਸ਼ੁਰੂ ਕਰਨ ਦਾ ਐਕਸੀਅਨ ਵਿਨੈ ਸ਼ਰਮਾ ਵਲੋਂ ਐਲਾਨ ਕੀਤਾ ਗਿਆ ਅਤੇ ਹੋਰ ਮੰਗਾਂ ਮੰਨਣ ਦਾ ਭਰੋਸਾ ਦੇਣ ਦੇ ਭਰੋਸੇ ਉਪਰੰਤ ਘੇਰਾਓ ਖ਼ਤਮ ਕੀਤਾ ਗਿਆ। ਜਥੇਬੰਦੀਆਂ ਵਲੋਂ ਕਰਤਾਰਪੁਰ ਦੇ ਮੁੱਖ ਚੌਂਕ ਤੱਕ ਮੁਜ਼ਾਹਰਾ ਕਰਕੇ ਚੇਤਾਵਨੀ ਦਿੱਤੀ ਗਈ ਕਿ ਜੇਕਰ 5 ਜੁਲਾਈ ਤੱਕ ਸਮੱਸਿਆਵਾਂ ਦਾ ਹੱਲ ਨਾ ਹੋਇਆ ਤਾਂ 6 ਜੁਲਾਈ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਮੋਤੀ ਮਹਿਲ ਪਟਿਆਲਾ ਵਿਖੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਉੱਤੇ ਕੀਤੇ ਜਾ ਰਹੇ ਘੇਰਾਓ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਮੰਗ ਕੀਤੀ ਗਈ ਕਿ ਸੜੇ ਹੋਏ ਟਰਾਂਸਫਾਰਮਰ ਤੁਰੰਤ ਪ੍ਰਭਾਵ ਨਾਲ ਤਬਦੀਲ ਕਰਕੇ ਖੇਤੀਬਾੜੀ ਲਈ ਬਿਜਲੀ ਸਪਲਾਈ ਤੁਰੰਤ ਬਹਾਲ ਕੀਤੀ ਜਾਵੇ। ਵਾਰ-ਵਾਰ ਲੱਗੇ ਕੱਟਾਂ ਤੇ ਸੜੇ ਹੋਏ ਟਰਾਂਸਫਾਰਮਰ 24 ਘੰਟੇ ਵਿੱਚ ਤਬਦੀਲ ਨਾ ਕਰਨ ਕਾਰਨ ਕਿਸਾਨਾਂ ਦੀਆਂ ਫ਼ਸਲਾਂ, ਚਾਰਾ ਸੁੱਕਣ ਨਾਲ ਤੇ ਝੋਨੇ ਦੀ ਬਿਜਾਈ ਲੇਟ ਹੋਣ ਕਾਰਨ ਕਿਸਾਨਾਂ ਦੇ ਹੋਏ ਆਰਥਿਕ ਨੁਕਸਾਨ ਦੀ ਮਹਿਕਮਾ ਜਾਂ ਸਰਕਾਰ ਭਰਪਾਈ ਕਰੇ। ਖੇਤੀ ਮੋਟਰਾਂ ਲਈ 8 ਘੰਟੇ ਅਤੇ ਘਰੇਲੂ ਬਿਜਲੀ ਸਪਲਾਈ 24 ਘੰਟੇ ਨਿਰਵਿਘਨ ਯਕੀਨੀ ਬਣਾਈ ਜਾਵੇ। ਘਰੇਲੂ ਬਿਜਲੀ ਸਪਲਾਈ 'ਚ ਵਾਰ-ਵਾਰ ਲੱਗ ਰਹੇ ਕੱਟਾਂ ਕਾਰਨ ਲੋਕਾਂ ਦੇ ਬਿਜਲੀ ਯੰਤਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ।

# ਲੈਕਚਰਾਰਾਂ ਯੂਨੀਅਨ ਵੱਲੋਂ ਪੇ ਕਮਿਸ਼ਨ ਦੀਆਂ ਕਾਪੀਆਂ ਸਾੜ ਕੇ ਕੀਤਾ ਵਿਰੋਧ




**ਕਰਤਾਰਪੁਰ (ਜਸਵੰਤ ਵਰਮਾ,ਦਿਨੇਸ਼ ਕੁਮਾਰ)** ਕਰਤਾਰਪੁਰ ਬਲਾਕ ਵਿਚ ਲੈਕਚਰਾਰ ਯੂਨੀਅਨ ਜਲੰਧਰ ਦੀ ਰਹਿਨੁਮਾਈ ਹੇਠ.ਵੱਖ ਵੱਖ ਸੀਨੀਅਰ ਸੈਕੰਡਰੀ ਸਕੂਲ ਦੇ ਲੈਕਚਰਾਰਾਂ ਵੱਲੋਂ ਛੇਵੇਂ ਪੇ ਕਮਿਸ਼ਨ ਦੇ ਵਿਰੋਧ ਵਿੱਚ ਪੇ ਕਮਿਸ਼ਨ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕਰਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ। ਸੀਨੀਅਰ ਸੈਕੰਡਰੀ ਸਕੂਲ ਕਰਤਾਰਪੁਰ ਖੁਸਰੋਪੁਰ ਕੁਦੋਵਾਲ ਰਹੀਮਪੁਰ ਮੁਸਤਫਾਪੁਰ, ਆਲਮਪੁਰ ਬੱਕਾ ਤੇ ਪੱਤੜ ਕਲਾ ਦੇ ਵੱਖ ਵੱਖ ਸਕੂਲਾਂ ਦੇ ਟੀਚਰਾਂ ਤੇ ਲੈਕਚਰਾਰਾਂ ਨੇ ਛੇਵੇਂ ਪੇ ਕਮਿਸ਼ਨ ਦੇ ਵਿਰੋਧ ਵਿੱਚ ਪੇ ਕਮਿਸ਼ਨ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਲੈਕਚਰਾਰ ਬਲਜੀਤ ਕੌਰ ਕੁਲਵਿੰਦਰ ਕੌਰ ਕੁਲਵਿੰਦਰ ਸਿੰਘ ਰੋਹਿਤ ਕੁਮਾਰ ਰਵਿੰਦਰ ਕੌਰ ਰੇਨੂ ਬਾਲਾ ਰਾਜਿੰਦਰ ਸਿੰਘ ਅਨਿਲ ਕੁਮਾਰ ਵਰਿੰਦਰ ਸਿੰਘ ਰਜੇਸ਼ ਕੁਮਾਰ ਸ਼ੈਲੀ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਆਮ ਆਦਮੀ ਪਾਰਟੀ ਦੇ ਬਲਕਾਰ ਸਿੰਘ ਨੇ ਸੰਤ ਸੁਰਿੰਦਰ ਦਾਸ ਕੋਲੋਂ ਲਿਆ ਆਸ਼ੀਰਵਾਦ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ )** ਡੇਰਾ ਸੰਤ ਸੁਰਿੰਦਰ ਦਾਸ, ਕਠਾਰ ਵਿਖੇ ਦਿੱਲੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ੍ਰੀ ਅਜੇ ਦੱਤ ਅੰਬੇਡਕਰ, ਸ: ਬਲਕਾਰ ਸਿੰਘ ਡੀ ਸੀ ਪੀ ਸਾਬਕਾ ( ਕਰਤਾਰਪੁਰ), ਡਾ. ਸ਼ਿਵ ਦਿਆਲ ਮਾਲੀ, ਮਾਸਟਰ ਰਾਮ ਕਿਸ਼ਨ ਪੱਲੀਝਿੱਕੀ,ਸ੍ਰੀ ਸੁਰਿੰਦਰ ਕੁਮਾਰ ਸਾਬਕਾ ਸਰਪੰਚ, ਨੰਬਰਦਾਰ ਬੀਰ ਚੰਦ ਸੁਰੀਲਾ ਆਦਿ ਨਤਮਸਤਕ ਹੋਏ। ਇਸ ਮੌਕੇ 'ਤੇ ਸੰਤ ਪਰਦੀਪ ਦਾਸ ਕਠਾਰ ਵਾਲਿਆਂ ਵਲੋਂ ਅਜੇ ਦੱਤ ਅੰਬੇਡਕਰ (ਦਿੱਲੀ), ਸ.ਬਲਕਾਰ ਸਿੰਘ, ਡਾ.ਸ਼ਿਵ ਦਿਆਲ ਮਾਲੀ ਆਦਿ ਨੂੰ ਸਿਰੋਪਾਓ ਤੇ ਅਸ਼ੀਰਵਾਦ ਦਿੱਤਾ ਗਿਆ। ਇਸ ਸਮੇਂ ਉਹਨਾਂ ਨਾਲ ਦਿੱਲੀ ਤੋਂ ਵੀ ਆਮ ਆਦਮੀ ਪਾਰਟੀ ਦੇ ਕਾਰਕੁੰਨ ਹਾਜ਼ਰ ਸਨ।

# ਵੱਧ ਰਹੀ ਮਹਿਗਾਈ ਖਿਲਾਫ ਕਾਂਗਰਸੀਆਂ ਨੇ ਪ੍ਰਦਰਸ਼ਨ ਕੀਤਾ



**ਕਰਤਾਰਪੁਰ (ਜਸਵੰਤ ਵਰਮਾ,ਦਿਨੇਸ਼ ਕੁਮਾਰ)** ਵੱਧ ਰਹੀ ਮਹਿਗਾਈ ਖਿਲਾਫ ਅੱਜ ਕਾਂਗਰਸੀਆਂ ਨੇ ਕਰਤਾਰਪੁਰ ਵਿਖੇ ਵਿਧਾਇਕ ਚੋਧਰੀ ਸੁਰਿੰਦਰ ਸਿੰਘ ਦੀ ਅਗਵਾਈ ਵਿੱਚ ਧਰਨਾ ਦਿੱਤਾ ਅਤੇ ਰੋਸ਼ ਪ੍ਰਦਰਸ਼ਨ ਕੀਤਾ। ਇਸ ਮੋਕੇ ਵਿਧਾਇਕ ਚੋਧਰੀ ਸੁਰਿੰਦਰ ਸਿੰਘ ਨੇ ਕਿਹਾ ਕਿ ਮਹਿਗਾਈ ਨੇ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਪੈਟਰੋਲ 101 ਰੁਪਏ ਲੀਟਰ, ਡੀਜਲ 94 ਰੁਪਏ ਲੀਟਰ,ਸਰੋ ਦਾ ਤੇਲ 190 ਰੁਪਏ ਲੀਟਰ,ਗੈਸ ਸਿਲੰਡਰ 880 ਰੁਪਏ ਲੋਕਾਂ ਨੂੰ ਆਪਣੇ ਘਰ ਚਲਾਉਣੇ ਔਖੇ ਹੋ ਗਏ ਹਨ। ਉਹਨਾਂ ਕਿਹਾ ਕੇਂਦਰ ਦੀ ਮੋਦੀ ਸਰਕਾਰ ਨੂੰ ਆਮ ਵਰਗ ਦਾ ਕੋਈ ਫਿਕਰ ਨਹੀਂ ਉਹ ਸਿਰਫ ਕਾਰਪੋਰੇਟਰ ਘਰਾਣਿਆਂ ਨੂੰ ਹੀ ਫਾਇਦਾ ਪਹੁੰਚਾਉਣ ਵਿੱਚ ਲੱਗੀ ਹੈ।ਇਸ ਮੋਕੇ ਬਲਾਕ ਪ੍ਰਧਾਨ ਅਮਰਜੀਤ ਸਿੰਘ ਕੰਗ,ਸਿਟੀ ਕਾਂਗਰਸ ਪ੍ਰਧਾਨ ਵੇਦ ਪ੍ਰਕਾਸ਼, ਨਗਰ ਕੌਂਸਲ ਪ੍ਰਧਾਨ ਪ੍ਰਿੰਸ ਅਰੋੜਾ, ਕੌਂਸਲਰ ਸ਼ਾਮ ਸੁੰਦਰ, ਕੌਂਸਲਰ ਅਸ਼ੋਕ ਕੁਮਾਰ, ਗੋਪਾਲ ਸੂਦ,ਮੰਯਕ ਗੁਪਤਾ, ਜਸਵਿੰਦਰ ਸਿੰਘ, ਨਰਿੰਦਰ ਸਿੰਘ ਅਰੋੜਾ, ਸਰਵਜੀਤ ਬਾਵਾ, ਦਲਵੀਰ ਸਿੰਘ ਕਾਲਾ,ਮਨੋਜ ਕੁਮਾਰ ਫੋਜੀ, ਨਾਥੀ ਸਨੋਤਰਾ,ਅਸ਼ੋਕ ਮੱਟੂ, ਸ਼ੇਰ ਸਿੰਘ ਨੰਦਰਾ,ਆਦਿ ਬਹੁਤ ਸਾਰੇ ਪਾਰਟੀ ਵਰਕਰ ਹਾਜਰ ਸਨ।

## ਕੋਰਟਾਂ ਦੇ ਹੁਕਮ ਦੇ ਬਾਵਜੂਦ,ਸਿੱਖਿਆ ਵਿਭਾਗ ਦੀਆਂ ਗਲਤੀਆਂ ਨਾਲ ਗਿਆਰਾ ਸਾਲਾ ਤੋਂ ਪੱਕੀ ਨੌਕਰੀ ਲਈ ਤਰਸੇ ਅਧਿਆਪਕਾਂ ਨੂੰ ਪੱਕਾ ਕਰੋ:ਜੀਟੀਯੂ ਪੰਜਾਬ(ਵਿਗਿਆਨਿਕ )

**ਐਸ ਏ ਐਸ ਨਗਰ।** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ ) ਨੇ ਸਿੱਖਿਆ ਵਿਭਾਗ ਵਿੱਚ 2011 ਵਿੱਚ ਪਹਿਲੀ ਵਾਰ ਟੈਟ ਦਾ ਪੇਪਰ ਦੇਣ ਵਾਲੇ 308 ਅਧਿਆਪਕ ,ਜੋ ਚਾਰ ਨੰਬਰ ਘੱਟ ਹੋਣ ਕਾਰਣ ਨੌਕਰੀ ਤੋ ਰਹਿ ਗਏ ਸਨ। ਜੋ ਕਿ ਸਿੱਖਿਆ ਵਿਭਾਗ ਵੱਲੋਂ ਪ੍ਰਸ਼ਨਾਂ ਦੇ ਉਤਰ ਗਲਤ ਪਾਏ ਜਾਣ ਕਾਰਣ ਹੋਏ ਸਨ। ਸਿੱਖਿਆ ਵਿਭਾਗ ਦੀ ਗਲਤੀ ਦਾ ਖਾਮਿਆਜਾ ਉਹ ਅਧਿਆਪਕ ਹੁਣ ਤੱਕ ਭੁਗਤ ਰਹੇ ਹਨ ਜਦੋਂ ਕਿ ਉਹਨਾਂ ਗਲਤ ਪ੍ਰਸ਼ਨਾਂ ਦੇ ਚਾਰ ਅੰਕ ਉਹਨਾਂ ਅਧਿਆਪਕਾਂ ਨੂੰ ਕੋਰਟ ਦੀ ਦਖਲ ਅੰਦਾਜ਼ਾ ਤੋਂ ਬਾਅਦ ਮਿਲ ਚੁੱਕੇ ਹਨ। ਸੂਬਾ ਪ੍ਰਧਾਨ ਹਰਜੀਤ ਬਸੋਤਾ,ਸੁਰਿੰਦਰ ਕੰਬੋਜ,ਨਵਪ੍ਰੀਤ ਬੱਲੀ,ਐਨ ਡੀ ਤਿਵਾੜੀ ,ਕੰਵਲਜੀਤ ਸੰਗੋਵਾਲ,ਗੁਰਜੀਤ ਸਿੰਘ ਮੋਹਾਲੀ ਨੇ ਕਿਹਾ ਕਿ ਸਿੱਖਿਆ ਵਿਭਾਗ ਦੀ ਵਧੀਕੀ ਦਾ ਸ਼ਿਕਾਰ ਹੋਏ ਇਹ ਅਧਿਆਪਕ ਕੋਰਟ ਤੋਂ ਗਲਤ ਪੁੱਛੇ ਪ੍ਰਸ਼ਨਾਂ ਦੇ ਚਾਰ ਨੰਬਰ ਪ੍ਰਾਪਤ ਕਰਨ ਤੋਂ ਬਾਅਦ ਵੀ ਸੜਕਾਂ ਤੇ ਆਪਣੇ ਹੱਕ ਲਈ ਸੰਘਰਸ਼ ਲੜ ਰਹੇ ਹਨ ਤੇ ਘਰ ਘਰ ਨੌਕਰੀ ਦੇਣ ਦਾ ਦਾਅਵਾ ਕਰਨ ਵਾਲੀ ਸਰਕਾਰ ਕੋਰਟਾਂ ਦੇ ਹੁਕਮਾਂ ਦੇ ਬਾਵਜੂਦ ਵੀ ਇਹਨਾਂ ਦਾ ਹੱਕ ਨਹੀਂ ਦੇ ਰਹੇ ਹਨ। ਇਹ ਅਧਿਆਪਕ ਪੰਜਾਬ ਵਿੱਚ ਪਹਿਲੀ ਵਾਰ ਟੈਟ ਦਾ ਪੇਪਰ ਸਿਖਿਆ ਵਿਭਾਗ ਦੀ ਨੌਕਰੀ ਲਈ ਦੇ ਰਹੇ ਸਨ ਜਿਸ ਵਿੱਚ ਕਾਫ਼ੀ ਪ੍ਰਸ਼ਨਾਂ ਦੇ ਉਤਰ ਗਲਤ ਲਿਖੇ ਹੋਏ ਸਨ। ਜਿਸ ਤੇ ਇਹਨਾਂ ਦੇ ਨੰਬਰ ਗਲਤ ਕੱਟੇ ਗਏ ਸਨ। ਜਿਸ ਤੇ ਇਹਨਾਂ ਵੱਲੋਂ ਕੋਰਟ ਕੇਸ ਕਰ ਦਿੱਤਾ ਜਿਸ ਤੇ 2017 ਵਿੱਚ ਸੱਤ ਸਾਲਾ ਬਾਅਦ ਕੋਰਟ ਵੱਲੋਂ ਇਹਨਾਂ ਟੈਟ ਪਾਸ ਬੇਰੁਜ਼ਗਾਰਾਂ ਨੂੰ ਚਾਰ ਨੰਬਰ ਦਿੱਤੇ ਗਏ ਸਨ ਤੇ ਨੌਕਰੀ ਦਾ ਇਹਨਾਂ ਦਾ ਹੱਕ ਦੇਣ ਦੇ ਆਰਡਰ ਦਿੱਤੇ ਗਏ ਸਨ। ਪਰ ਸਿੱਖਿਆ ਵਿਭਾਗ ਵੱਲੋਂ ਕੋਰਟ ਦੇ ਆਰਡਰਾ ਨੂੰ ਵੀ ਮੰਨਿਆਂ ਨਹੀਂ ਜਾ ਰਿਹਾ ਹੈ ਜਿਸ ਤੇ ਇਹ ਬੇਰੁਜ਼ਗਾਰ ਹੱਕਾਂ ਲਈ 17 ਜੂਨ ਤੋਂ ਵਿੱਦਿਆ ਭਵਨ ਪੂਰੇ ਡੱਟੇ ਪਏ ਹਨ। (ਜੀਟੀਯੂ ਵਿਗਿਆਨਿਕ ) ਮੰਗ ਕਰਦੀ ਹੈ ਕਿ ਪਹਿਲਾ ਹੀ ਸਿੱਖਿਆ ਵਿਭਾਗ ਦੀ ਗਲਤੀ ਕਾਰਣ ਇਹ ਅਧਿਆਪਕ ਗਿਆਰਾ ਤੋਂ ਆਪਣੇ ਹੱਕਾਂ ਤੋਂ ਮਰਹੂਮ ਹਨ ਬਿਨਾ ਦੇਰੀ ਇਹਨਾਂ ਨੂੰ ਪੱਕੀ ਨੌਕਰੀ ਦੇ ਕੇ ਸਿਖਿਆ ਵਿਭਾਗ ਆਪਣੀ ਗਲਤੀ ਤੇ ਸੁਧਾਰ ਕਰੇ ਤੇ 2011 ਤੋਂ ਇਹਨਾਂ ਨੂੰ ਬਣਦੇ ਹੱਕ ਦੇਵੇ। ਇਸ ਮੌਕੇ ਬਿਕਰਮਜੀਤ ਸਿੰਘ ਸ਼ਾਹ,ਜਰਨੈਲ ਮਿੱਠੇਵਾਲ,ਸੋਮ ਸਿੰਘ,ਜਗਦੀਪ ਜੌਹਲ,ਜਤਿੰਦਰ ਸਿੰਘ ਸੋਨੀ,ਪ੍ਰਗਟ ਸਿੰਘ ਜੰਬਰ ,ਧਰਮਿੰਦਰ ਠਾਕਰੇ,ਕਮਲ ਕੁਮਾਰ ਵੱਲੋਂ ਇਹਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆਂ ਗਿਆ।




## ਵੱਧ ਰਹੀਆਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਦੇ ਵਿਰੋਧ ’ਚ ਕਾਂਗਰਸ ਵੱਲੋਂ ਕੇਂਦਰ ਸਰਕਾਰ ਵਿਰੁੱਧ ਰੋਸ ਧਰਨਾ

**ਕੋਟਕਪੂਰਾ।** ਦੇਸ਼ ’ਚ ਵੱਧ ਰਹੀਆਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਦੇ ਵਿਰੋਧ ’ਚ ਅੱਜ ਕਾਂਗਰਸ ਨੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਥਾਂ-ਥਾਂ ਮੁਜ਼ਾਹਰੇ ਕੀਤੇ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਤਿੱਖੀ ਨਾਅਰੇਬਾਜ਼ੀ ਕੀਤੀ ਗਈ। ਸਥਾਨਕ ਮੋਗਾ ਸੜਕ ’ਤੇ ਸਥਿੱਤ ਨਵੇਂ ਬੱਸ ਅੱਡੇ ਸਾਹਮਣੇ ਪੈਟਰੋਲ ਪੰਪ ’ਤੇ ਕਾਂਗਰਸ ਦੇ ਜ਼ਿਲਾ ਪ੍ਰਧਾਨ ਅਜੈਪਾਲ ਸਿੰਘ ਸੰਧੂ ਵੱਲੋਂ ਆਪਣੇ ਸਮਰਥਕਾਂ ਨਾਲ ਧਰਨਾ ਦਿੱਤਾ ਗਿਆ। ਇਸ ਮੌਕੇ ਪ੍ਰਦਸ਼ਨਕਾਰੀਆਂ ਵਿੱਚ ਸ਼ਾਮਲ ਸੀਨੀਅਰ ਕਾਂਗਰਸੀ ਆਗੂਆਂ ਨੇ ਕੇਂਦਰ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਦੇ ਵਾਧੇ ’ਤੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਮੋਦੀ ਸਰਕਾਰ ਤੋਂ ਮੰਗ ਕੀਤੀ ਕਿ ਵੱਧ ਰਹੀਆਂ ਕੀਮਤਾਂ ਨੂੰ ਕੰਟਰੋਲ ’ਚ ਲਿਆਂਦਾ ਜਾਵੇ, ਕਿਉਂਕਿ ਜਿਸ ਪ੍ਰਕਾਰ ਪੈਟਰੋਲ-ਡੀਜ਼ਲ ਦੀਆਂ ਵੱਧ ਰਹੀਆਂ ਕੀਮਤਾਂ ਕਾਰਨ ਜਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ। ਅਜੈਪਾਲ ਸਿੰਘ ਸੰਧੂ, ਵਿਨੋਦ ਮੈਨੀ, ਬਲਵੰਤ ਸਿੰਘ ਭਾਣਾ, ਜਗਜੀਤ ਸਿੰਘ ਬਬਲਾ ਸਰਪੰਚ, ਕੁੱਕੀ ਚੋਪੜਾ, ਭੁਪਿੰਦਰ ਸਿੰਘ ਸੱਗੂ, ਜਸਪ੍ਰੀਤ ਸਿੰਘ ਜੱਸਾ ਸਮੇਤ ਹੋਰ ਬੁਲਾਰਿਆਂ ਨੇ ਆਖਿਆ ਕਿ ਦੇਸ਼ ਦੀ ਤਕਰੀਬਨ 65 ਫੀਸਦੀ ਅਬਾਦੀ ਤਾਜਾ ਕਮਾ ਕੇ ਖਾਂਦੀ ਹੈ। ਜੇਕਰ ਇਸੇ ਤਰਾਂ ਹੀ ਮਹਿੰਗਾਈ ਦਾ ਕਾਲ ਵੱਧਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦ ਆਮ ਇਨਸਾਨ ਰੋਜ਼ੀ ਰੋਟੀ ਤੋਂ ਦੂਰ ਹੋ ਜਾਵੇਗਾ। ਕਾਂਗਰਸ ਨੇ ਇਹ ਤਿੱਖੀ ਚਿਤਾਵਨੀ ਵੀ ਦਿੱਤੀ ਕਿ ਹੁਣ ਇਹ ਸਭ ਬਰਦਾਸ਼ਤ ਨਹੀਂ ਹੋਵੇਗਾ। ਜੇ ਕੇਂਦਰ ਦਾ ਰਵੱਈਆ ਇੱਦਾਂ ਰਿਹਾ ਤਾਂ ਉਹ ਦਿਨ



ਦੂਰ ਨਹੀਂ ਜਿਵੇਂ ਮੈਕਸੀਕੋ ’ਚ ਲੋਕ ਪੰਜਾਬ ਦੇ ਵਿਰੋਧ ’ਚ ਕਰਨ ਲਈ ਸੜਕਾਂ ਜਾਮ ਕਰ ਦੇਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਕਾਂਗਰਸ ਨੇ ਦੋਸ਼ ਲਾਇਆ ਕਿ ਇਹ ਸਰਕਾਰ ਆਮ ਲੋਕਾਂ ਦਾ ਦਰਦ ਨਹੀਂ ਬਲਕਿ ਧਨਾਢਾਂ ਦੇ ਘਰ ਭਰਨ ’ਚ ਲੱਗੀ ਹੋਈ ਹੈ।

## ਲਾਇਨਜ਼ ਕਲੱਬ ਰਾਇਲ ਦੀ ਸਮੁੱਚੀ ਟੀਮ ਨੇ ਨਵੇਂ ਵਰੇ ਦੀ ਸ਼ੁਰੂਆਤ ਮੌਕੇ ਕੀਤੇ ਉਸਾਰੂ ਕਾਰਜ

**ਕੋਟਕਪੂਰਾ।** ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਦੀ ਨਵੀਂ ਟੀਮ ਵਲੋਂ ਨਿਯਮਾ ਅਨੁਸਾਰ ਆਪਣੀ ਸ਼ੁਰੂਆਤ 1 ਜੁਲਾਈ ਤੋਂ ਸ਼ੁਰੂ ਕਰਦਿਆਂ ਗੁਰੂ ਦਾ ਓਟ ਆਸਰਾ ਲੈਣ ਲਈ ਪ੍ਰਧਾਨ ਸ਼ਿਵਜੀ ਰਾਮ ਗੋਇਲ ਦੀ ਅਗਵਾਈ ਵਿੱਚ ਸਭ ਤੋਂ ਪਹਿਲਾਂ ਸਮੁੱਚੀ ਟੀਮ ਨੇ ਗੁਰਦਵਾਰਾ ਪਾਤਸ਼ਾਹੀ ਦਸਵੀਂ ਜੈਤੋ ਰੋਡ ਕੋਟਕਪੂਰਾ ਵਿਖੇ ਅਰਦਾਸ-ਬੇਨਤੀ ਕਰਕੇ ਗੁਰੂ ਪਾਸੋਂ ਆਸ਼ੀਰਵਾਦ ਪ੍ਰਾਪਤ ਕੀਤਾ। ਰਜਿੰਦਰ ਸਿੰਘ ਸਰਾਂ ਡੀਸੀਐੱਸ (ਪੀ) ਅਤੇ ਸੁਰਜੀਤ ਸਿੰਘ ਘੁਲਿਆਣੀ ਨੇ ਦੱਸਿਆ ਕਿ ਵਾਹਿਗੁਰੂ ਅੱਗੇ ਅਰਦਾਸ-ਬੇਨਤੀ ਕੀਤੀ ਗਈ ਕਿ ਉਕਤ ਟੀਮ ਨੂੰ ਲੋਕ ਭਲਾਈ ਮਨੁੱਖਤਾ ਦੀ ਸੇਵਾ ਕਰਨ ਦਾ ਬਲ ਉਦਮ ਬਖਸ਼ਣ। ਬੀਰਇੰਦਰਪਾਲ ਸ਼ਰਮਾ ਅਤੇ ਵਿਜੈ ਕੁਮਾਰ ਟੀਟੂ ਛਾਬੜਾ ਨੇ ਦੱਸਿਆ ਕਿ ਉਕਤ ਟੀਮ ਨੇ ਡੇਰਾ ਦਰਿਆਗਿਰੀ ਜਾ ਕੇ ਸੁਆਮੀ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਅਤੇ ਮਨਜੀਤ ਸਿੰਘ ਲਵਲੀ ਮੁਤਾਬਿਕ ਇਸ ਮੌਕੇ ਵਾਤਾਵਰਣ ਦੀ ਸੰਭਾਲ ਅਤੇ ਸ਼ਹਿਰ ਸਫਾਈ ਸ਼ੁੱਧ ਰੱਖਣ ਲਈ ਫਰੀਦਕੋਟ ਰੋਡ ’ਤੇ ਸਥਿੱਤ ਫਾਰਮ ਹਾਊਸ ਵਿੱਚ ਛਾਂਦਾਰ ਤੇ ਫਲਦਾਰ ਬੂਟੇ ਲਾਏ ਗਏ। ਸੰਦੀਪ ਗੋਇਲ ਅਤੇ ਅਸ਼ੋਕ ਸੇਠੀ ਅਨੁਸਾਰ ਉਕਤ ਬੂਟਿਆਂ ਦੀ ਸੰਭਾਲ ਕਰਨ ਵਾਲਿਆਂ ਨੂੰ ਢੁੱਕਵੇਂ ਮੌਕੇ ’ਤੇ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ। ਸੰਜੀਵ ਅਹੂਜਾ, ਭੁਪਿੰਦਰ ਸਿੰਘ ਐਸਡੀਓ ਅਤੇ ਨਛੱਤਰ ਸਿੰਘ ਨੇ ਕਲੱਬ ’ਚ ਨਵੇਂ ਸ਼ਾਮਲ ਹੋਏ ਮੈਂਬਰ ਡਾ. ਗੁਰਮੀਤ ਸਿੰਘ ਧਾਲੀਵਾਲ ਵਾਸੀ ਹਰੀਨੌ ਨੂੰ ਜੀ ਆਇਆਂ ਆਖਦਿਆਂ ਉਸਦਾ ਧੰਨਵਾਦ ਕੀਤਾ। ਮਨਜੀਤ ਸਿੰਘ



ਔਲਖ ਨੇ ਦੱਸਿਆ ਕਿ ਭੁਪਿੰਦਰ ਸਿੰਘ ਮੱਕੜ ਅਤੇ ਹਰਿੰਦਰ ਸਿੰਘ ਚੋਟਮੁਰਾਦਾ ਦੀ ਅਗਵਾਈ ਵਿੱਚ ਸਮੁੱਚੀ ਟੀਮ ਵੱਲੋਂ ਓਮਕਾਰ ਗੋਇਲ ਪ੍ਰਧਾਨ ਨਗਰ ਸੁਧਾਰ ਟਰੱਸਟ ਕੋਟਕਪੂਰਾ ਦਾ 3 ਜੁਲਾਈ ਦਿਨ ਸ਼ਨੀਵਾਰ ਨੂੰ ਪਰਿਵਾਰਕ ਮਿਲਣੀ ਦੌਰਾਨ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

## ਭੁਪਿੰਦਰ ਸਿੰਘ ਪਾਲੀ ਅਤੇ ਹਰਿੰਦਰ ਸਿੰਘ ਚੋਟਮੁਰਾਦਾ ਕ੍ਰਮਵਾਰ ਬਣੇ ਰੀਜ਼ਨ ਤੇ ਜ਼ੋਨ ਚੇਅਰਮੈਨ

**ਕੋਟਕਪੂਰਾ।** ਲਾਇਨਜ਼ ਕਲੱਬ ਇੰਟਰਨੈਸ਼ਨਲ’ ਜ਼ਿਲਾ 321-ਐੱਫ ਦੇ ਗਵਰਨਰ ਨਕੇਸ਼ ਗਰਗ ਵਲੋਂ ‘ਲਾਇਨਜ਼ ਕਲੱਬ ਕੋਟਕਪੂਰਾ ਰਾਇਲ’ ਦੀਆਂ ਪਿਛਲੇ ਸਮੇਂ ਦੀਆਂ ਪ੍ਰਾਪਤੀਆਂ ਨੂੰ ਮੁੱਖ ਰੱਖਦੇ ਹੋਏ ਭੁਪਿੰਦਰ ਸਿੰਘ ਪਾਲੀ ਮੱਕੜ ਨੂੰ ਰੀਜ਼ਨ-11 ਦਾ ਚੇਅਰਮੈਨ ਜਦਕਿ ਹਰਿੰਦਰ ਸਿੰਘ ਚੋਟਮੁਰਾਦਾ ਨੂੰ ਜ਼ੋਨ ਚੇਅਰਮੈਨ ਬਣਾਇਆ ਗਿਆ ਹੈ। ਭੁਪਿੰਦਰ ਸਿੰਘ ਨੂੰ ਰੀਜ਼ਨ-11 ਵਿੱਚ ਲਾਇਨਜ਼ ਕਲੱਬ ਰਾਇਲ, ਵਿਸ਼ਵਾਸ਼, ਬਰਗਾੜੀ, ਬਾਜਾਖਾਨਾ, ਖਾਰਾ, ਫਰੀਦਕੋਟ, ਫਰੀਦਕੋਟ ਵਿਸ਼ਾਲ, ਫਰੀਦਕੋਟ ਗਰੇਸ ਅਤੇ ਤਲਵੰਡੀ ਭਾਈ ਦਿੱਤੀਆਂ ਗਈਆਂ ਹਨ। ਉਕਤ ਨਿਯੁਕਤੀਆਂ ’ਤੇ ਕਲੱਬ ਦੇ ਪ੍ਰਧਾਨ ਸ਼ਿਵਜੀ ਰਾਮ ਗੋਇਲ ਅਤੇ ਸਮੂਹ ਮੈਂਬਰਾਂ ਵਲੋਂ ਜਿਲਾ ਗਵਰਨਰ ਨਕੇਸ਼ ਗਰਗ ਦਾ ਧੰਨਵਾਦ ਕਰਨ ਉਪਰੰਤ ਰੀਜ਼ਨ ਚੇਅਰਮੈਨ ਅਤੇ ਜ਼ੋਨ ਚੇਅਰਮੈਨ ਨੂੰ ਵਧਾਈਆਂ ਦਿੱਤੀਆਂ। ਰਜਿੰਦਰ ਸਿੰਘ ਸਰਾਂ ਡੀਸੀਐੱਸ (ਪੀ) ਅਤੇ ਗੁਰਦੀਪ ਸਿੰਘ ਪ੍ਰਧਾਨ ਲਾਇਨਜ ਕਲੱਬ ਵਿਸ਼ਵਾਸ਼ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਭੁਪਿੰਦਰ ਸਿੰਘ ਅਤੇ ਹਰਿੰਦਰ ਸਿੰਘ ਦੇ ਚੰਗੇਰੇ ਭਵਿੱਖ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਸੁਰਜੀਤ ਸਿੰਘ ਘੁਲਿਆਣੀ ਮੁਤਾਬਿਕ ਭੁਪਿੰਦਰ ਸਿੰਘ ਵਲੋਂ ਰੀਜ਼ਨ ਦੀਆਂ 9 ਕਲੱਬਾਂ ਦੀ ਸਕੂਲਿੰਗ ‘ਗਿਆਨ ਪੀਠ-2021’ ਮਿਤੀ 4 ਜੁਲਾਈ ਦਿਨ ਐਤਵਾਰ ਸਵੇਰੇ 9:30 ਵਜੇ ਹੋਟਲ ਬਲਿਊ ਹਿੱਲ ਫਰੀਦਕੋਟ ਰੋਡ ਕੋਟਕਪੂਰਾ ਵਿੱਚ ਰੱਖੀ ਗਈ ਹੈ। ਜਿਸ ਵਿੱਚ ਪ੍ਰਧਾਨ, ਸਕੱਤਰ, ਖਜਾਨਚੀ ਆਦਿਕ ਨੂੰ ਕਿਸ਼ੋਰ ਕੁਮਾਰ ਵਰਮਾ ਪਾਸਟ ਜ਼ਿਲਾ ਗਵਰਨਰ-



ਭੁਪਿੰਦਰ ਸਿੰਘ ਪਾਲੀ ਹਰਿੰਦਰ ਸਿੰਘ ਚੋਟਮੁਰਾਦਾ

321 ਐੱਫ ਉਨਾਂ ਦੀਆਂ ਡਿਊਟੀਆਂ ਬਾਰੇ ਜਾਣਕਾਰੀ ਦੇਣਗੇ।

## ਸੋਅਰੂਮ ਚੋਂ 125 .960 ਗ੍ਰਾਮ ਸੋਨਾ ਲੈ ਉੱਡਿਆ ਕਾਰੀਗਰ

**ਚੰਡੀਗੜ (ਦੀਪਕ ਸਰਮਾ)** ਸੈਕਟਰ -23 ਤੋਂ 1.25 ਕਰੋੜ ਦੇ ਸੋਨੇ ਅਤੇ ਹੀਰੇ ਲੈ ਕੇ ਭੱਜਣ ਵਾਲੇ ਕਾਰੀਗਰ ਤੋਂ ਬਾਅਦ ਹੁਣ ਇਕ ਹੋਰ ਕਾਰੀਗਰ ਨੇ ਸੋਨਾ ਚੋਰੀ ਕਰ ਲਿਆ । ਇਸ ਮਾਮਲੇ ਵਿੱਚ ਗਹਿਣਿਆਂ ਦੇ ਸੋਅਰੂਮ ਦੇ ਮੈਨੇਜਰ ਹਿਤੇਸ ਬੇਦੀ ਦੀ ਸਕਿਾਇਤ ਪੁਲਿਸ ਨੇ ਦਰਜ ਕਰ ਜਾਂਚ ਪੜਤਾਲ ਸੁਰੂ ਕਰ ਦਿੱਤੀ ਹੈ । ਮੁਲਜਮ ਸੁਜੈ ਮਾਈਤੀ ਸੈਕਟਰ -25 ਦਾ ਵਸਨੀਕ ਹੈ । ਪੁਲਿਸ ਸੁਜੇ ਨੂੰ ਲੱਭਣ ਦੀ ਕੋਸਸਿ ਕਰ ਰਹੀ ਹੈ । ਦੋਸੀ ਸੈਕਟਰ -22 ਸਥਿਤ ਤਲਵਾਰ ਸੰਨ ਜਵੈਲਰਜ ਦੇ ਸੋਅਰੂਮ ਵਿੱਚ ਕੰਮ ਕਰਦਾ ਸੀ । ਉਹ ਸੋਨੇ ਦੇ ਗਹਿਣੇ ਤਿਆਰ ਕਰਦਾ ਸੀ ਅਤੇ ਵਾਪਸ ਦਿੰਦਾ ਸੀ । ਇਸ ਦੇ ਲਈ ਦੋਸੀ ਨੂੰ ਸੋਅਰੂਮ ਵਿਚ ਤੀਜੀ ਮੰਜਲ ‘ਤੇ ਜਗਾ ਦਿੱਤੀ ਗਈ ਸੀ । ਸੁਜੈ ਨੂੰ ਸੋਅਰੂਮ ਵਿਚੋਂ 125 .960 ਗ੍ਰਾਮ ਸੋਨਾ ਦਿੱਤਾ ਗਿਆ ਸੀ । ਇਸਦੇ ਨਾਲ ਉਸਨੂੰ ਇੱਕ ਨਵੇਂ ਮਾਡਲ ਦਾ ਹਾਰ ਬਣਾਉਣਾ ਸੀ । ਮੁਲਜਮ ਨੇ ਨਾ ਤਾਂ ਹਾਰ ਬਣਾਇਆ ਅਤੇ ਨਾ ਹੀ ਸੋਨਾ ਵਾਪਸ ਕੀਤਾ । ਉਹ ਸੋਅਰੂਮ ਤੋਂ ਵੀ ਲਾਪਤਾ ਹੋ ਗਿਆ । ਮੈਨੇਜਰ ਨੇ ਉਸ ਨੂੰ ਆਪਣੇ ਪੱਧਰ ‘ਤੇ ਲੱਭਿਆ । ਜਦੋਂ ਉਸ ਦਾ ਪਤਾ ਨਹੀਂ ਲੱਗ ਸਕਿਆ ਤਾਂ ਇਸ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਗਈ । ਹੁਣ ਪੁਲਿਸ ਮੁਲਜਮ ਦੇ ਘਰ ਦਾ ਪਤਾ ਲੈ ਰਹੀ ਹੈ ਜਿਸ ਤੋਂ ਬਾਅਦ ਇੱਕ ਟੀਮ ਉਸਦੇ ਜੱਦੀ ਘਰ ਭੇਜੀ ਜਾਏਗੀ। ਦੋਸੀ ਦੇ ਫੋਨ ਦੇ ਅਧਾਰ ‘ਤੇ ਉਸ ਦਾ ਵੀ ਪਤਾ ਲਗਾਇਆ ਜਾ ਰਿਹਾ ਹੈ ।







## ਨਰੋਆ ਪੰਜਾਬ ਮੰਚ ਨੇ ਮੱਤੇਵਾੜਾ ਜੰਗਲ ਅਤੇ ਹੋਰ ਰੁੱਖ ਬਚਾਉਣ ਲਈ ਮੁੱਖ ਮੰਤਰੀ ਦੇ ਨਾਮ ਸੌਂਪਿਆ ਮੰਗ ਪੱਤਰ

**ਕੋਟਕਪੂਰਾ।** ਨਰੋਆ ਪੰਜਾਬ ਮੰਚ ਦੇ ਕਨਵੀਨਰ ਗੁਰਪ੍ਰੀਤ ਸਿੰਘ ਚੰਦਬਾਜਾ ਦੀ ਅਗਵਾਈ ਹੇਠ ਅੱਜ ਵੱਖ-ਵੱਖ ਸਮਾਜਸੇਵੀ ਸੰਸਥਾਵਾਂ ਅਤੇ ਵਾਤਾਵਰਣ ਪ੍ਰੇਮੀਆਂ ਨੇ ਫਰੀਦਕੋਟ ਵਿਖੇ ਡਿਪਟੀ ਕਮਿਸ਼ਨਰ, ਏਡੀਸੀ, ਐੱਸਡੀਐਮ ਦੇ ਗੈਰ ਹਾਜ਼ਰ ਹੋਣ ਕਾਰਨ ਕੰਵਲਜੀਤ ਸਿੰਘ ਤਹਿਸੀਲਦਾਰ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਮੱਤੇਵਾੜਾ ਜੰਗਲ ਨੂੰ ਬਚਾਉਣ ਅਤੇ ਰੁੱਖਾਂ ਦੀ ਕਟਾਈ ਰੋਕਣ ਲਈ ਤੁਰਤ ਜਰੂਰੀ ਕਦਮ ਚੁੱਕੇ ਜਾਣ। ਆਗੂਆਂ ਨੇ ਦੱਸਿਆ ਕਿ ਸਤਲੁਜ ਦੇ ਫਲੱਡ ਪਲੇਨ ਨੂੰ ਨੁਕਸਾਨ ਤੋਂ ਬਚਾਉਣ ਲਈ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਮੁੱਖ ਸਕੱਤਰ ਪੰਜਾਬ ਅਤੇ ਆਰ.ਆਰ.ਸੀ. ਪੰਜਾਬ ਨੂੰ ਸਖਤ ਆਦੇਸ਼ ਦਿੱਤੇ ਸਨ। ਇਸ ਦੇ ਬਾਵਜੂਦ ਗਲਾਡਾ ਵੱਲੋਂ ਜਮੀਨੀ ਕੰਮ ਨੂੰ ਜਾਰੀ ਰੱਖਣ ਦੇ ਅੜੀਅਲ ਰਵੱਈਏ ਦੇ ਮੱਦੇਨਜਰ ਇਹ ਮੰਗ ਪੱਤਰ ਦਿੱਤਾ ਜਾ ਰਿਹਾ ਹੈ। ਕੇਸ ਦੀ ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਕਿਹਾ ਕਿ ਹਾਲ ਹੀ ’ਚ ਕਪਿਲ ਦੇਵ ਅਤੇ ਹੋਰ ਬਨਾਮ ਵਾਤਾਵਰਣ ਜੰਗਲਾਤ ਅਤੇ ਮੌਸਮ ਤਬਦੀਲੀ ਮੰਤਰਾਲੇ ਦੇ ਕੇਸ ’ਚ ਓ.ਏ. 109/2021 ਦੇ ਆਦੇਸ਼ਾਂ ’ਚ ਐੱਨਜੀਟੀ ਨੇ ਸਪੱਸ਼ਟ ਰੂਪ ’ਚ ਮੁੱਖ ਸਕੱਤਰ ਪੰਜਾਬ ਅਤੇ ਆਰਆਰਸੀ ਪੰਜਾਬ ਨੂੰ ਸਤਲੁਜ ਦੇ ਫਲੱਡ ਪਲੇਨ ਦੇ ਬਚਾਅ ਲਈ ਕਾਰਵਾਈ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਸਨ। ਉਨਾ ਦੱਸਿਆ ਕਿ ਦਰਿਆਵਾਂ ਦੇ ਫਲੱਡ ਪਲੇਨ ਉਹਨਾਂ ਦਾ ਅਨਿੱਖੜਵਾਂ ਹਿੱਸਾ ਹੁੰਦੇ ਹਨ ਅਤੇ ਇਹਨਾਂ ਦੀ ਹੋਂਦ ਧਰਤੀ ਹੇਠਲੇ ਪਾਣੀ ਅਤੇ ਉਸਦੀ ਗੁਣਵੱਤਾ ’ਚ ਵਾਧਾ ਕਰਦੀ ਹੈ। ਵਾਤਾਵਰਨ ਦੀ ਅਦਾਲਤ ਐੱਨਜੀਟੀ ਵੱਲੋਂ ਦਰਿਆਵਾਂ ਦੇ ਫਲੱਡ ਪਲੇਨਾ ’ਤੇ ਕਿਸੇ ਤਰਾਂ ਦੀ ਉਸਾਰੀ ਕਰਨ ’ਤੇ ਮਨਾਹੀ ਹੈ। ਸਗੋਂ ਦਰਿਆਵਾਂ ਦੀ ਸਿਹਤ ਨੂੰ ਸੁਧਾਰਨ ਲਈ ਇਸ ’ਤੇ ਹਰੇ-ਭਰੇ ਬਾਇਓਡਾਈਵਰਸਿਟੀ ਪਾਰਕ (ਜੈਵ ਵਿਭਿੰਨਤਾ ਬਾਗ਼) ਬਣਾਉਣ ਦੀ ਸਿਫਾਰਿਸ਼ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਸੇਖੋਵਾਲ ਆਦਿ ਪਿੰਡਾਂ ’ਚ ਗਲਾਡਾ ਵੱਲੋਂ ਅਖੌਤੀ ਮਾਡਰਨ ਇੰਡਸਟਰੀਅਲ ਪਾਰਕ ਲਈ ਐਕਵਾਇਰ ਕੀਤੀ ਜਮੀਨ ਸਪੱਸ਼ਟ ਤੌਰ ’ਤੇ ਸਤਲੁਜ ਦਰਿਆ ਦੇ ਹੜ ਦੇ ਮੈਦਾਨ (ਫਲੱਡ ਪਲੇਨ) ’ਤੇ ਹੈ, ਓ.ਏ. 673/2018 ਦੇ ਕੇਸ ਵਿੱਚ ਐਨਜੀਟੀ ਨੇ ਮੁੱਖ ਸਕੱਤਰ ਨੂੰ ਪਹਿਲਾਂ ਹੀ “ਫਲੱਡ ਪਲੇਨ ਦੇ ਨਕਸ਼ਿਆਂ ਦੀ ਤਿਆਰੀ ਅਤੇ ਫਲੱਡ ਪਲੇਨ ਦੀ ਜੋਨਿੰਗ” ਲਈ ਆਦੇਸ਼ ਦਿੱਤੇ ਸਨ। ਉਨਾਂ ਕਿਹਾ ਕਿ ਪੰਜਾਬ ਸਰਕਾਰ ਇਨਾਂ ਨਕਸ਼ਿਆਂ ਨੂੰ ਤਿਆਰ ਕਰਨ ਤੋਂ ਭੱਜ ਰਹੀ ਹੈ ਅਤੇ ਗਲਾਡਾ ਇੰਡਸਟਰੀ ਪਾਰਕ ’ਤੇ ਤੇਜ਼ੀ ਨਾਲ ਕੰਮ ਕਰ ਰਹੀ ਹੈ ਅਤੇ ਪੁੱਡਾ ਅਖਬਾਰਾਂ ’ਚ ਪਲਾਟਾਂ ਦੀਆਂ ਮਸ਼ਹੂਰੀਆਂ ਕੀਮਤਾਂ ਨਾਲ ਦੇ ਰਹੀ ਹੈ। ਇਹ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ਾਂ ਅਤੇ ਵਾਤਾਵਰਣ ਦੇ ਹਿੱਤਾਂ ਦੀ ਸਪੱਸ਼ਟ ਤੌਰ ’ਤੇ ਉਲੰਘਣਾ ਹੈ, ਜਿਸ ਦਾ ਅਸੀਂ ਪੁਰਜ਼ੋਰ ਵਿਰੋਧ ਕਰਦੇ ਹਾਂ। ਉਹਨਾਂ ਅੱਗੇ ਦੱਸਿਆ ਕਿ ਸਤਲੁਜ ਦੱਖਣੀ ਪੰਜਾਬ ਅਤੇ ਰਾਜਸਥਾਨ ਦੇ 8 ਜਿਲਿਆਂ ਲਈ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਇਕਲੌਤਾ ਸਰੋਤ ਹੈ ਅਤੇ ਲੱਖਾਂ ਲੋਕਾਂ ਲਈ ਇਹ ਪਾਣੀ ਉਨਾਂ ਦੀ ਜੀਵਨ ਰੇਖਾ ਹੈ, ਜੋ ਪਹਿਲਾਂ ਹੀ ਲੁਧਿਆਣਾ ਦੇ ਬੁੱਢਾ ਦਰਿਆ ਕਾਰਨ ਬਹੁਤ ਪ੍ਰਦੂਸ਼ਿਤ ਹੈ। ਇਸ ਪ੍ਰਦੂਸ਼ਣ ਨੂੰ ਸਾਫ ਕਰਨ ’ਚ ਬੁਰੀ ਤਰਾਂ ਅਸਫਲ ਰਹਿਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਮੱਤੇਵਾੜਾ ਜੰਗਲ ਦੇ ਮੱਧ ’ਚ ਇਸ ਦੇ ਹੜ ਦੇ ਮੈਦਾਨ (ਫਲੱਡ ਪਲੇਨ) ਵਿੱਚ ਸਤਲੁਜ ਦੇ ਕੰਢੇ ਉਦਯੋਗਿਕ ਪਾਰਕ ਬਣਾਉਣ ਦੀ ਇਸ ਬੇਤੁਕੀ ਯੋਜਨਾ ਨੂੰ ਬਣਾਇਆ ਹੈ। ਪੰਜਾਬ ’ਚ ਜੰਗਲ ਹੇਠ ਰਕਬਾ 3.5 ਫੀਸਦੀ ਦੇਸ਼ ’ਚ ਸਭ ਤੋਂ ਘੱਟ ਅਰਥਾਤ ਰਾਜਸਥਾਨ (5%) ਤੋਂ ਵੀ ਬਹੁਤ ਪਿੱਛੇ ਹੈ ਅਤੇ ਰਾਸ਼ਟਰੀ ਟੀਚੇ 33 ਫੀਸਦੀ ਦੇ ਮੁਕਾਬਲੇ ਹਾਸੋਹੀਣਾ ਹੀ ਜਾਪਦਾ ਹੈ। ਉਪਰੋਕਤ ਤੱਥਾਂ ਦੇ ਮੱਦੇਨਜਰ ਨਰੋਆ ਪੰਜਾਬ ਮੰਚ ਦੀ ਮੰਗ ਹੈ ਕਿ ਪੰਜਾਬ ਸਰਕਾਰ ਦਰਿਆਵਾਂ ਦੇ ਕੰਢਿਆਂ ਤੋਂ ਦੂਰ ਕਿਸੇ ਹੋਰ ਜਗਾ ’ਤੇ ਆਧੁਨਿਕ ਉਦਯੋਗਿਕ ਪਾਰਕ ਦੀ ਯੋਜਨਾ ਨੂੰ ਤਬਦੀਲ ਕਰੇ। ਨਾਲ ਹੀ ਇਹ ਵੀ ਕਿ ਪੰਜਾਬ ਭਰ ’ਚ ਦਰੱਖਤਾਂ ਦੀ ਕਟਾਈ ਨੂੰ 10 ਸਾਲਾਂ ਲਈ ਪੂਰੀ ਤਰਾਂ ਕਾਨੂੰਨੀ ਰੋਕ ਲਾਈ ਜਾਵੇ, ਤਾਂ ਕਿ ਪਿਛਲੇ ਕੁੱਝ ਸਾਲਾਂ ’ਚ ਰੁੱਖਾਂ ਦੀ ਪੰਜਾਬ ’ਚ ਬੇਦਰਦੀ ਨਾਲ ਹੋਈ ਕਟਾਈ ਤੋਂ ਕੁਝ ਉਭਰਿਆ ਜਾ ਸਕੇ। ਇਸ ਮੌਕੇ ਉਪਰੋਕਤ ਤੋਂ ਇਲਾਵਾ ਅਮਨਦੀਪ ਗੋਇਲ ਨਾਇਬ ਤਹਿਸੀਲਦਾਰ, ਨਵਦੀਪ ਸਿੰਘ ਬੱਬੂ ਬਰਾੜ ਪ੍ਰਧਾਨ ਅਵਤਾਰ ਸਿੰਘ ਮੈਮੋਰੀਅਲ ਵੈੱਲਫੇਅਰ ਸੁਸਾਇਟੀ, ਜਗਪਾਲ ਸਿੰਘ ਬਰਾੜ, ਜਗਤਾਰ ਸਿੰਘ ਗਿੱਲ, ਰਵਿੰਦਰ ਸਿੰਘ ਬੁਗਰਾ ਅਤੇ ਰਘਬੀਰ ਸਿੰਘ ਆਦਿ ਵੀ ਸ਼ਾਮਿਲ ਸਨ।



## ਪੰਜਾਬ ਸਰਕਾਰ ਵੱਲੋਂ ਭਾਰਤੀ ਕੋਸਟ ਗਾਰਡ ਵਿੱਚ ਭਰਤੀ ਹੋਣ ਲਈ ਮੁਫ਼ਤ ਤਿਆਰੀ

**ਫਿਰੋਜ਼ਪੁਰ ( ਅਸ਼ੋਕ ਭਾਰਦਵਾਜ )** ਸੀਪਾਈਟ ਕੈਂਪ ਹਕੂਮਤ ਸਿੰਘ ਵਾਲਾ ਫਿਰੋਜ਼ਪੁਰ ਵਿੱਚ ਭਾਰਤੀ ਕੋਸਟ ਗਾਰਡ ਦੀ ਭਰਤੀ ਲਈ ਮੁਫ਼ਤ ਸਿਖਲਾਈ ਦਿੱਤੀ ਜਾਵੇਗੀ । ਇਹ ਜਾਣਕਾਰੀ ਦਿੰਦਿਆਂ ਹਕੂਮਤ ਸਿੰਘ ਵਾਲਾ ਕੈਂਪ ਦੇ ਇੰਚਾਰਜ ਇਕਬਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਰੋਜ਼ਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀਪਾਈਟ ਕੈਂਪ ਹਕੂਮਤ ਸਿੰਘ ਵਾਲਾ ਵੱਲੋਂ ਆ ਰਹੀ ਭਾਰਤੀ ਕੋਸਟ ਗਾਰਡ ਵਿੱਚ ਅਪਲਾਈ ਕਰਨ ਲਈ ਮਿਤੀ 19 ਜੂਨ 2021 ਤੋਂ 25 ਜੂਨ 2021 ਦੇ ਰੋਜ਼ਗਾਰ ਇਸ਼ਤਿਆਰ ਦੇ ਪੰਨਾ ਨੰ: 26 ਅਤੇ 27 ਤੋਂ ਜਾਣਕਾਰੀ ਪ੍ਰਾਪਤ ਕਰਕੇ ਆਨ ਲਾਈਨ ਅਪਲਾਈ ਕੀਤਾ ਜਾਵੇ ਅਤੇ ਅਪਲਾਈ ਕਰਨ ਤੋਂ ਬਾਅਦ ਜ਼ਿਲ੍ਹਾ ਫਿਰੋਜ਼ਪੁਰ, ਫਾਜਿਲਕਾ, ਮੁਕਤਸਰ, ਫਰੀਦਕੋਟ ਅਤੇ ਮੋਗਾ ਦੇ ਭਰਤੀ ਹੋਣ ਦੇ ਚਾਹਵਾਨ ਯੁਵਕ ਜਿਨ੍ਹਾਂ ਨੇ ਆਨ ਲਾਈਨ ਅਪਲਾਈ ਕੀਤਾ ਹੈ , ਉਹ ਆਪਣੀ ਰਜਿਸਟ੍ਰੇਸ਼ਨ ਲਈ 9463831615, 7009317626, 8360163527 ਨੰਬਰਾਂ ਤੇ ਸੰਪਰਕ ਕਰਕੇ ਕਰਵਾ ਲੈਣ ।